# ਅੰਮ੍ਰਿਤ ਕੀਰਤਨ

## ਮਾਰਚ 2018




Dr Jagir Singh receiving Sangeet Natak Akademi Award (2003)
from Dr. A.P.J. Abdul Kalam, then President of India


**ਆਨਰੇਰੀ ਸੰਪਾਦਕ**
**ਡਾ. ਜਾਗੀਰ ਸਿੰਘ**



ਮੁੱਲ 15/-

## ਇੱਕ ਦਿਲ ਤੇ ਲੱਗਣ ਹਜ਼ਾਰ ਚੋਟਾਂ



ਇਕ ਚਿੱਤ ਦੁਖੀ ਪ੍ਰਦੇਸ ਵੱਲੋਂ,
ਦੂਜਾ ਮਿਤਰਾਂ ਦਾ ਨਾਮੋ ਨਿਸ਼ਾਨ ਕੋਈ ਨਹੀਂ।
ਦੋ ਦਿਨਾਂ ਲਈ ਦਿਲ ਨਾ ਕਦੇ ਮਿਲਦੇ,
ਜਦੋਂ ਜਾਨ ਇਕ ਨੂੰ ਇਕ ਜਾਨ ਕੋਈ ਨਹੀਂ।
ਬਿਨਾਂ ਸ਼ਰਧਾ ਤੋਂ ਜਗ ਤੇ ਸੰਕਲਪ ਕਰਨਾਂ,
ਬਿਨਾਂ ਪ੍ਰੇਮ ਦੇ ਇਹ ਭੀ ਦਾਨ ਕੋਈ ਨਹੀਂ।
ਦੂਰ ਬੈਠਿਆਂ ਚਿੱਠੀ ਇਕ ਘੱਲ ਦੇਣਾ,
ਜੱਗ ਰਖਣਾ ਇਹ ਭੀ ਅਹਿਸਾਨ ਕੋਈ ਨਹੀਂ।
ਤੁਸੀਂ ਦੂਰ ਬੈਠੇ, ਅਸੀਂ ਹਾਂ ਇੱਥੇ,
ਹਾਏ ਲਗਦੀਆਂ ਨੇ ਮਾਰੋ ਮਾਰ ਚੋਟਾਂ।
ਦੁੱਖ ਦਿਲਾਂ ਦੇ ਕਿਸਨੂੰ ਫੋਲ ਦਸੀਏ,
ਇੱਕ ਦਿਲ ਤੇ ਲਗਣ ਹਜ਼ਾਰ ਚੋਟਾਂ।

## इक दिल ते लगण हज़ार चोटाँ

इक चित्त दुखी प्रदेस वलों,
दूजा मित्राँ दा नामो निशान कोई नहीं।
दो दिनाँ लई दिल ना कदे मिलदे,
जदों जान इक नूं इक जान कोई नहीं।
बिना शर्धा तों जग ते संकल्प करना,
बिना प्रेम दे इह भी दान कोई नहीं।
दूर बैठिआँ चिट्ठी इिक घल्ल देणाँ,
जग रखणा इह भी अहसान कोई नहीं।
तुसीं दूर बैठे, असीं हाँ इत्थे,
हाय लगदीआँ ने मारो मार चोटाँ।
दु:ख दिलाँ दे किसनूं फोल दसीए,
इक दिल ते लगण हज़ार चोटाँ।

ਪੁਸਤਕ ਗੁੱਝੀਆਂ ਰਮਜ਼ਾਂ – ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ

# ਅੰਮ੍ਰਿਤ ਕੀਰਤਨ


**ਸੰਪਾਦਕ (ਆਨਰੇਰੀ)**
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਧਾਰਮਿਕ ਅਧਿਐਨ), ਪੀਐਚ.ਡੀ.

ਸਹਿਯੋਗੀ
ਸ. ਹਰਭਜਨ ਸਿੰਘ ਅਤੇ ਨਵਤੇਜ ਸਿੰਘ


- ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/8/90, ਮਿਤੀ 20/2/91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

## ਚੰਦੇ ਦਾ ਵੇਰਵਾ

- ਇਕ ਕਾਪੀ: 15 ਰੁਪਏ
- ਦੇਸ਼ ਸਾਲਾਨਾ ਚੰਦਾ: 150 ਰੁਪਏ
- ਜੀਵਨ ਮੈਂਬਰ ਚੰਦਾ: 1500 ਰੁਪਏ
- ਵਿਦੇਸ਼: ਸਾਲਾਨਾ ਚੰਦਾ INR 1500
- 'ਅੰਮ੍ਰਿਤ ਕੀਰਤਨ' ਲਈ ਡਰਾਫ਼ਟ, ਮਾਇਕ ਸਹਾਇਤਾ, ਚਿੱਠੀ-ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ:-


**ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)**
422, ਸੈਕਟਰ 15-ਏ, ਚੰਡੀਗੜ੍ਹ-160015
ਫ਼ੋਨ: 0172-2772660, 098140 53630
e-mail: drjagirsingh@gmail.com
Website: http://www.amritkirtan.com



**ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼,** ਸ਼ੋਅਰੂਮ ਨੰ: 443, ਸੈਕਟਰ 70, ਮੁਹਾਲੀ (ਫ਼ੋਨ: 0172-2216283, 98150-72197) ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।


## ਇਸ ਅੰਕ ਵਿਚ


| | |
|---|---|
| ਮਿੱਤਰ ਅਸਾਡੜੇ ਸੇਈ | 2 |
| ਸੰਪਾਦਕੀ: ਕਰਉ ਬੇਨੰਤੀਆ: ਡਾਕਟਰ ਅਬਦੁਲ ਕਲਾਮ | 3 |
| ਗੁਰਮਤਿ ਸੰਗੀਤ ਵਿਚ ਰਾਗ ਸਿਰੀ – ਡਾ. ਗੁਰਨਾਮ ਸਿੰਘ | 4 |
| ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਯੁਕਤ ਸਿਰਲੇਖਾਂ, ਸੰਕੇਤਾਂ ਦਾ ਸੰਗੀਤਕ ਮਹੱਤਵ – ਡਾ. ਹਰਜਸ ਕੌਰ | 6 |
| ਕੀਰਤਨਕਾਰ ਭਾਈ ਦਲ ਸਿੰਘ ਲਸਾੜਾ ਵਾਲੇ – ਬਲਬੀਰ ਸਿੰਘ ਕੰਵਲ (ਲੰਡਨ) | 10 |
| ਰਬਾਬ ਦੀਆਂ ਤਰਬਾਂ – ਵਰਿੰਦਰ ਵਾਲੀਆ | 12 |
| ਦਿਲਰੁਬਾ – ਰਣਜੀਤ ਸਿੰਘ | 14 |
| ਗੁਰਬਾਣੀ ਵਿਚ ਸੰਗੀਤ ਦਾ ਮਹੱਤਵ – ਮਹਿੰਦਰ ਸਿੰਘ ਡਿਡਨ | 17 |
| ਰਾਗ ਬਿਲਾਵਲ – ਗੁਰਬਖ਼ਸ਼ ਸਿੰਘ | 19 |
| ਰਾਗ ਬਿਲਾਵਲ – ਸੁਰਲਿਪੀ | 20 |


### ਮਾਇਕ ਸਹਾਇਤਾ ਭੇਜਣ ਦੀ ਕਿਰਪਾ ਕਰੋ ਜੀ

ਚੈੱਕ ਜਾਂ ਡਰਾਫ਼ਟ "ਅੰਮ੍ਰਿਤ ਕੀਰਤਨ ਟ੍ਰਸਟ" ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of India, Sector 22-B, Chandigarh Branch ਵਿਚ AMRIT KIRTAN TRUST ਦੇ A/C 65079603302, IFSC: SBIN0050240 ਵਿਚ ਸਿੱਧਾ ਜਮ੍ਹਾਂ ਕਰਾ ਕੇ ਸਾਨੂੰ ਨਾਮ ਅਤੇ ਐੱਡਰੈੱਸ ਜ਼ਰੂਰ ਸੂਚਿਤ ਕਰੋ ਜੀ ਤਾਂ ਜੋ ਅਸੀਂ ਰਸੀਦ ਕੱਟ ਸਕੀਏ।

Donations to AMRIT KIRTAN TRUST are eligible for relief u/s 80 G of Income-Tax Act, 1961 (43 of 1961) vide CIT/- I/ CHD/ Tech./ 80-G/ 2008-939 dated 19-05-2008 valid up to 31/03/2012 and now valid in perpetuity.

Cheques should be sent in the name of AMRIT KIRTAN TRUST payable at Chandigarh. Donations also can be sent by money order at the address: AMRIT KIRTAN TRUST (Regd.), 422, Sector 15-A, Chandigarh-160015

## ਮਿਤ੍ਰ ਅਸਾਡੜੇ ਸੇਈ

I have receiced Amrit Kiran February, 2018. Thanks.

I am pleased to see the photos of Bhai Sudh Singh Ji & Bhai Pardhan Singh Ji. My ancestors were from Sargodha. Though I was not born or brought up in Sargodha but have some good memories about these Gursikhs. I used to hear about them & Bhai Hira Singh Ji from my Parents. They were highly respected in & around Sargodha.

I congratulate you for including this article in it.

I feel enlightened. Once again thanking you for your inclusion.

Warm regards & Best wishes

**- K. S. Chugh**

Guru Fateh ji.. a proud feeling you have remembered this two jewels of *panth ratans* of the Sikh community...I Request you to kindly visit our house No. 1310 in Sector 15-B, Chandigarh. Sardar Hardeep Singh ji Ahuja. He is the grandson of Bhai Sahib Bhai Sudh Singh Ji. And Bhai Sahib Pradhan singh is his Mama Ji...

I am great-grandson of Bhai Sudh Singh Ji......*Guru Saheb mehar karn ji*.... *aap ji nu vadhare chardikla bahkshae ji.....Sewa laggae ho*..

- **Surjit Singh Bangalore.**

**Form IVStatement of Ownership (See Rule 9)**

| | |
|---|---|
| Place : | 422, Sector 15-A, Chandigarh |
| Periodicity of Publication : | Monthly |
| Editor, Printer & Publisher's Name : | Dr. Jagir Singh |
| Nationality : | Indian |
| Owner of Newspaper : | President, Amrit Kirtan Trust |

I, Dr. Jagir Singh, hereby declare that the particulars given above are true to the best of my knowledge and belief.

Date: February 28, 2018

Sd/-
Dr. Jagir Singh, Publisher

# ਡਾਕਟਰ ਅਬਦੁਲ ਕਲਾਮ

ਪਿਛੇ ਜਿਹੇ ਕਿਸੇ ਮਿਤਰ ਪਿਆਰੇ ਨੇ WhatsApp ਤੇ ਡਾਕਟਰ ਅਬਦੁਲ ਕਲਾਮ ਦੇ ਬੜੇ ਸੁੰਦਰ ਕਥਨ ਭੇਜੇ।

*You have to dream before your dreams can come true./Look at the sky. We are not alone/The whole universe is friendly to us and conspires only to give the best to those who dream and work./ Man needs his difficulties because they are necessary to enjoy success.* ਉਹਨਾਂ ਨੂੰ ਪੜ੍ਹ ਕੇ ਇੱਕ ਮਾਨਸਿਕ ਹੁਲਾਰਾ ਮਿਲਦਾ ਹੈ।ਡਾਕਟਰ ਅਬਦੁਲ ਕਲਾਮ ਨਾਲ ਮੇਰੀ ਇੱਕ ਸਾਂਝ ਹੈ ਜਿਸ ਕਰਕੇ ਉਹਨਾਂ ਬਾਰੇ ਜਾਂ ਉਹਨਾਂ ਦਾ ਕੋਈ ਵੀ ਜ਼ਿਕਰ ਮੈਨੂੰ ਆਪਣੇ ਵੱਲ ਖਿੱਚ ਲੈਂਦਾ ਹੈ।ਜਦੋਂ ਉਹ ਰਾਸ਼ਟਰਪਤੀ ਬਣੇ ਸਨ ਤਾਂ ਮੈਨੂੰ ਕੋਈ ਖਾਸ ਖੁਸ਼ੀ ਨਹੀਂ ਸੀ ਹੋਈ।ਉਦੋਂ ਇੱਕ ਦੋ ਦਿਨ ਪਹਿਲਾਂ ਖਬਰ ਆ ਰਹੀ ਸੀ ਇਹ ਅਹੁਦਾ ਉਦੋਂ ਦੇ ਉਪ ਰਾਸ਼ਟਰਪਤੀ ਸ੍ਰੀ ਕ੍ਰਿਸ਼ਨ ਕਾਂਤ ਜੀ ਮਿਲਣ ਵਾਲਾ ਹੈ। ਕ੍ਰਿਸ਼ਨ ਕਾਂਤ ਸਰਵੈਂਟਸ ਆਫ ਪੀਪਲ ਸੁਸਾਇਟੀ ਦੇ ਚੇਅਰਮੈਨ ਸਨ। ਤੇ ਉਹ ਅਕਸਰ ਸਾਡੇ ਘਰ ਦੇ ਨੇੜਲੇ ਲਾਜਪਤ ਭਵਨ ਚੰਡੀਗੜ੍ਹ ਵਿੱਚ ਆਉਂਦੇ ਜਾਂਦੇ ਰਹਿੰਦੇ ਸਨ। 1983-84 ਦੇ ਸਮੇਂ ਉਹ ਮੈਨੂੰ ਅਤੇ ਪ੍ਰੋ ਰਾਮ ਸਿੰਘ ਜੀ ਪੰਜਾਬ ਯੂਨੀਵਰਸਟੀ ਵਾਲਿਆਂ ਨੂੰ ਬੁਲਾ ਕੇ ਹਾਲਾਤ ਤੇ ਚਰਚਾ ਕਰਦੇ ਰਹਿੰਦੇ ਸਨ। ਇਸ ਤਰ੍ਹਾਂ ਉਹਨਾਂ ਨਾਲ ਇੱਕ ਅਪਣੱਤ ਜਿਹੀ ਬਣੀ ਹੋਈ ਸੀ। ਜਦੋਂ ਉਹਨਾਂ ਨੂੰ ਇਹ ਅਹੁਦਾ ਨਾ ਮਿਲਿਆ ਤਾਂ ਸਗੋਂ ਥੋੜਾ ਉਦਾਸ ਵੀ ਹੋਇਆ।ਜਦੋਂ ਅਬਦੁਲ ਕਲਾਮ ਬਾਰੇ ਪੜ੍ਹਿਆ ਸੁਣਿਆ ਤਾਂ ਇੰਜ ਜਾਪਿਆ ਜਿਵੇਂ ਰਾਸ਼ਟਰਪਤੀ ਦੇ ਅਹੁਦੇ ਦੀ ਸ਼ਾਨ ਵਧ ਗਈ ਹੋਵੇ।ਡਾਕਟਰ ਰਾਧਾ ਕ੍ਰਿਸ਼ਨਨ ਤੋਂ ਬਾਅਦ ਉਹ ਹੀ ਇੱਕ ਵਿਦਵਾਨ ਰਾਸ਼ਟਰਪਤੀ ਸਨ। ਜਦੋਂ ਉਹਨਾਂ ਦੀਆਂ ਲਿਖਤਾਂ ਪੜ੍ਹੀਆਂ ਤਾਂ ਉਹਨਾਂ ਦੀ ਮਹਾਨਤਾ ਬਾਰੇ ਪਤਾ ਲੱਗਾ। ਉਹਨਾਂ ਦੀ ਜੀਵਨੀ ਤੋਂ ਕੋਈ ਵੀ ਆਮ ਨੌਜੁਆਨ ਪ੍ਰੇਰਨਾ ਲੈ ਸਕਦਾ ਹੈ। ਡਾਕਟਰ ਕਲਾਮ ਜੀ ਦਾ ਵਿਚਾਰ ਹੈ ਹਰ ਕੋਈ ਸਫਲ ਹੋ ਸਕਦਾ ਹੈ ਜੇ ਉਹ ਸੁਪਨੇ ਲਵੇ ਤੇ ਮਿਹਨਤ ਕਰੇ।ਡਾਕਟਰ ਕਲਾਮ ਜੀ ਦਾ ਉਦੋਂ ਮੇਰੇ ਉੱਤੇ ਬੜਾ ਗਹਿਰਾ ਪ੍ਰਭਾਵ ਲਿਆ ਜਦੋਂ ਮੈਨੂੰ ਸੰਗੀਤ ਨਾਟਕ ਅਕਾਡਮੀ ਅਵਾਰਡ ਮਿਲਿਆ। ਅਵਾਰਡ ਪ੍ਰਦਾਨ ਕਰਨ ਦਾ ਸਮਾਗਮ ਮੁੰਬਈ ਵਿੱਚ ਹੋਇਆ ਸਾਨੂੰ ਪਰਿਵਾਰ ਸਮੇਤ ਹਵਾਈ ਜਹਾਜ਼ ਰਾਹੀਂ ਮੁੰਬਈ ਬੁਲਾ ਕੇ ਹੋਟਲ ਤਾਜ ਵਿੱਚ ਠਹਿਰਾਇਆ ਗਿਆ। ਜਿਸ ਹਾਲ ਵਿੱਚ ਸਮਾਗਮ ਹੋਣਾ ਸੀ ਮੇਰੀ ਸੀਟ ਦੂਜੀ ਕਤਾਰ ਵਿੱਚ ਸੀ। ਡਾਕਟਰ ਕਲਾਮ ਇਹ ਅਵਾਰਡ ਦੇਣ ਲਈ ਉਥੇ ਪੁਜੇ । ਜਦੋਂ ਉਹ ਹਾਲ ਵਿੱਚ ਦਾਖਲ ਹੋਏ ਪਤਾ ਨਹੀਂ ਕਿਉਂ ਉਹ ਸਿੱਧਾ ਮੇਰੇ ਕੋਲ ਆ ਕੇ ਮੇਰਾ ਹਾਲ ਚਾਲ ਪੁੱਛਣ ਲੱਗ ਪਏ। ਹੈਰਾਨੀ ਨਾਲ ਮੇਰੇ ਮੂੰਹ ਵਿੱਚੋਂ ਕੋਈ ਆਵਾਜ਼ ਨਾ ਨਿਕਲੀ ਮੈਂ ਕੇਵਲ ਮੁਸਕੁਰਾ ਕੇ ਰਹਿ ਗਿਆ। ਉਦੋਂ ਮੇਰਾ ਐਕਸੀਡੈਂਟ ਹੋਇਆ ਸੀ ਤੇ ਮੈਂ ਅਜੇ ਵੈਸਾਖੀਆਂ ਨਾਲ ਚਲਦਾ ਸੀ।ਜਦੋਂ ਮੈਨੂੰ ਅਵਾਰਡ ਦਿੱਤਾ ਗਿਆ ਉਦੋਂ ਉਹ ਮੇਰਾ ਅਵਾਰਡ ਚੁੱਕੇ ਕੇ ਮੈਨੂੰ ਪੌੜੀਆਂ ਤਕ ਛੱਡਣ ਆਏ।ਇਸ ਘਟਨਾ ਤੋਂ ਬਾਅਦ ਮੈਂ ਉਹਨਾਂ ਦੀਆਂ ਲਿਖਤਾਂ ਵੱਲ ਵਧੇਰੇ ਧਿਆਨ ਦੇਣ ਲੱਗ ਪਿਆ।ਉਹਨਾਂ ਦੀਆਂ ਕੁਝ ਪ੍ਰਸਿੱਧ ਪੁਸਤਕਾਂ ਦੇ ਨਾਮ ਹਨ- ***Ignited Minds*, Wings of Fire, India 2020, *Inspiring Thoughts*,** *You Are Born To Blossom---*

**ਆਦਿ।ਇਹ ਸਾਰੀਆਂ ਲਿਖਤਾਂ ਪ੍ਰੇਰਨਾਦਾਇਕ ਹਨ।ਇਹਨਾਂ ਨੂੰ ਪੜ੍ਹਨਾ ਚਾਹੀਦਾ ਹੈ।ਇੱਕ ਕਮਾਲ ਦੀ ਗੱਲ ਹੈ ਵੱਡਿਆਂ ਦੀ ਵਡਿਆਈ ਕਰਨ ਨਾਲ ਆਪਣੀ ਵਡਿਆਈ ਆਪੇ ਹੀ ਹੋ ਜਾਂਦੀ ਹੈ। ਭੁੱਲ ਚੁੱਕ ਖਿਮਾ……**

# ਗੁਰਮਤਿ ਸੰਗੀਤ ਵਿਚ ਰਾਗ ਸਿਰੀ

**ਡਾ. ਗੁਰਨਾਮ ਸਿੰਘ**

(ਗੁਰਮੀਤ ਸੰਗੀਤ ਦਾ ਆਧਾਰ ਸ਼ਬਦ ਗੁਰੂ ਸ੍ਰੀ ਗੁਰੂ ਸਾਹਿਬ ਜੀ ਦੀ ਬਾਣੀ ਦਾ ਰਾਗਾਤਮਕ ਹੋਣਾ ਅਤੇ ਬਾਣੀ ਨੂੰ ਵੱਖ-ਵੱਖ ਰਾਗਾਂ ਅਨੁਸਾਰ ਅੰਕਿਤ ਕਰਨਾ ਸਿੱਖ ਧਰਮ ਵਿਚ ਰਾਗ ਦੀ ਪਮੁੱਖਤਾ ਦਾ ਸਪੱਸ਼ਟ ਪ੍ਰਮਾਣ ਹੈ। ਸਿੱਖ ਰਹਿਤ ਮਰਿਆਦਾ ਅਨੁਸਾਰ ਵੀ ਰਾਗਾਂ ਵਿਚ ਸ਼ਬਦ ਗਾਇਨ ਨੂੰ ਹੀ ਕੀਰਤਨ ਪ੍ਰਵਾਨਿਆ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਮੂਹ ਰਾਗ ਕੇਵਲ ਸਿਰਲੇਖ ਮਾਤਰ ਕਾਰਜਰਤ ਨਹੀਂ, ਸਗੋਂ ਇਹ ਸ਼ਬਦ ਦੇ ਕੀਰਤਨ ਲਈ ਬੁਨਿਆਦੀ ਸੁਰਾਤਮਕ ਮਾਧਿਅਮ ਅਤੇ ਸੂਚਕ ਹਨ ਕਿ ਸ਼ਬਦ ਨੂੰ ਕਿਸ ਸੁਰਾਤਮਕ ਰੰਗ ਵਿਚ ਗਾਉਣਾ ਹੈ। ਰਾਗ ਬਾਣੀ ਦੀ ਵੱਖੋਂ-ਵੱਖਰੀ ਪ੍ਰਕਿਰਤੀ ਅਨੁਸਾਰ ਨਿਰਧਾਰਤ ਕੀਤੇ ਗਏ ਹਨ। ਇਸੇ ਕਰਕੇ ਇਨ੍ਹਾਂ ਦੀ ਗਿਣਤੀ 31 ਮੁੱਖ ਰਾਗਾਂ ਤੇ ਵਿਭਿੰਨ ਰਾਗ ਪ੍ਰਕਾਰਾਂ ਵਜੋਂ ਕੀਤੀ ਜਾਂਦੀ ਹੈ। ਇਨ੍ਹਾਂ ਰਾਗਾਂ ਸਬੰਧੀ ਕ੍ਰਮਵਾਰ ਜਾਣਨਾ ਹਰ ਸਿੱਖ ਲਈ ਜ਼ਰੂਰੀ ਹੈ ਤਾਂ ਕਿ ਅਸੀਂ ਆਪਣੀ ਰਾਗਾਤਮਕ ਵਿਰਾਸਤ ਤੋਂ ਜਾਣੂ ਹੋ ਸਕੀਏ। ਇਸੇ ਲੜੀ ਅਧੀਨ ਅਸੀਂ ਰਾਗ ਕ੍ਰਮ ਅਨੁਸਾਰ ਲੜੀਵਾਰ 31 ਰਾਗਾਂ ਬਾਰੇ ਖੋਜ ਲੇਖ ਪ੍ਰਸਤੁਤ ਕਰਦੇ ਰਹਾਂਗੇ।)

**ਗੁਰਮਤਿ ਸੰਗੀਤ ਵਿਚ ਰਾਗ ਸਿਰੀ–** ਗੁਰਮਤਿ ਸੰਗੀਤ ਅਤੇ ਭਾਰਤੀ ਸੰਗੀਤ ਵਿਚ ਸਿਰੀ ਇਕ ਪੁਰਾਤਨ ਤੇ ਵਿਸ਼ਿਸ਼ਟ ਰਾਗ ਹੈ। ਭਾਰਤੀ ਸੰਗੀਤ ਵਿਚ ਰਾਗਾਂ ਦੀ ਵੰਡ ਲਈ ਗੁਰੂ ਕਾਲੀ ਸਮਕਾਲੀ ਪ੍ਰਣਾਲੀ 'ਰਾਗ ਰਾਗਣੀ ਵਰਗੀਕਰਨ' ਸੀ ਭਾਵ ਰਾਗ ਨੂੰ ਪੁਰਸ਼ ਮੰਨ ਕੇ ਉਸ ਅਧੀਨ ਬਾਕੀ ਰਾਗਾਂ ਨੂੰ ਇਸਤਰੀ, ਪੁੱਤਰ, ਵਧੂ ਦੇ ਰੂਪ ਵਿਚ ਪਛਾਣਿਆਂ ਜਾਂਦਾ ਸੀ। ਇਸ ਤਰ੍ਹਾਂ ਇਕ ਮੁੱਖ ਪੁਰਸ਼ ਰਾਗ ਤੇ ਬਾਕੀ ਰਾਗਾਂ ਨੂੰ ਉਸ ਦੇ ਰਿਸ਼ਤੇ ਨਾਤੇ ਵਿਚ ਪਰੋ ਕੇ 'ਰਾਗਮਾਲਾ' ਬਣਾਈ ਜਾਂਦੀ ਸੀ। ਰਾਗਮਾਲਾ ਲਿਖਣ ਦੇ ਬਹੁਤ ਸਾਰੇ ਮੱਤ ਪ੍ਰਚਾਰ ਵਿਚ ਰਹੇ। ਇਸ ਵਿਸਥਾਰ ਵਿਚ ਨਾ ਜਾਂਦਿਆਂ ਵਿਚਾਰੀਏ ਤਾਂ ਰਾਗ ਰਾਗਣੀ ਮਤ ਵਿਚ ਸਿਰੀ ਰਾਗ ਨੂੰ ਪਮੁੱਖ ਛੇ ਰਾਗਾਂ ਵਿਚ ਮੰਨਿਆ ਗਿਆ ਹੈ। ਰਾਗ ਰਾਗਣੀ ਪੰਧਤੀ ਅਨੁਸਾਰ ਮੁੱਖ ਛੇ ਰਾਗ ਹਨ। ਸਿਰੀ, ਬਸੰਤ, ਭੈਰਵ, ਪੰਚਮ, ਮੇਘ, ਨਟ ਨਾਰਾਇਣ। ਭਾਰਤੀ ਸੰਗੀਤ ਵਿਚ ਸਿਰੀ ਨੂੰ 'ਸ੍ਰੀ' ਵੀ ਲਿਖਿਆ ਜਾਂਦਾ ਹੈ।ਭਾਰਤੀ ਸੰਗੀਤ ਪਰੰਪਰਾ ਅਨੁਸਾਰ ਇਸ ਰਾਗ ਦੀ ਉਤਪਤੀ ਸ਼ਿਵ ਜੀ ਦੇ ਮੁੱਖੋਂ ਮੰਨੀ ਗਈ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਾਗਾਤਮਕ ਬਾਣੀ ਦੇ ਪ੍ਰਾਰੰਭ ਵਿਚ ਪੰਨਾ 14 ਉਂਤੇ ਸਿਰੀ ਰਾਗ ਦਾ ਆਰੰਭ : 'ਰਾਗੁ ਸਿਰੀਰਾਗੁ ਮਹਲਾ ਪਹਿਲਾ ਘਰੁ ਪਹਿਲਾ॥ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ॥ ਤੋਂ ਹੁੰਦਾ ਹੈ।

ਸੰਗੀਤ ਜਗਤ ਵਿਚ ਸਿਰੀ ਦੇ ਇਸ ਪੁਰਾਤਨ ਗੋਰਵ ਦੇ ਸਨਮੁਖ ਹੀ ਬਾਣੀ ਦੇ ਪ੍ਰਾਰੰਭ ਵਿਚ ਸਿਰੀ ਨੂੰ ਪ੍ਰਥਮ ਸਥਾਨ ਤੇ ਰੱਖਿਆ ਗਿਆ ਹੈ। ਸਿਰੀ ਰਾਗ ਦੇ ਅਧਿਆਤਮਕ ਮਹੱਤਵ ਨੂੰ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੀ ਬਾਣੀ ਵਿਚ ਇਉਂ ਬਿਆਨਿਆ ਹੈ:

ਰਾਗਾ ਵਿਚਿ ਸ੍ਰੀਰਾਗੁ ਹੈ ਜੇ ਸਚਿ ਧਰੇ ਪਿਆਰੁ॥
ਸਦਾ ਹਰਿ ਸਚੁ ਮਨਿ ਵਸੈ ਨਿਹਚਲ ਮਤਿ ਅਪਾਰੁ॥
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੯੩)

ਭਾਈ ਗੁਰਦਾਸ ਸਾਹਿਬ ਨੇ ਇਸ ਮਹੱਤਵ ਨੂੰ ਇਉਂ ਦ੍ਰਿੜਾਇਆ ਹੈ:

ਰਾਗਿਨ ਮੇ ਸ੍ਰੀ ਰਾਗ ਪਾਰਸ ਪਖਾਨ ਹੈ॥
(ਕਬਿਤ ਸਵੱਯੇ ਭਾਈ ਗੁਰਦਾਸ, ਪੰਨਾ ੧੪੯)

ਜਨਮ ਸਾਖੀਆਂ ਵਿਚ ਵੀ ਜਿਥੇ ਸ੍ਰੀ ਗੁਰੂ ਨਾਨਕ ਦੇਵ ਜੀ ਰਾਗਾਂ ਵਿਚ ਬਾਣੀ ਉਚਾਰਦੇ ਹਨ, ਉਥੇ ਬਾਣੀ ਦਾ ਨਿਰਧਾਰਤ ਰਾਗ ਵਿਚ ਗਾਇਨ ਦਾ ਜ਼ਿਕਰ ਵੀ ਮਿਲਦਾ ਹੈ।

ਗੁਰੂ ਕਾਲ ਦੇ ਸਮਕਾਲੀ ਗ੍ਰੰਥਾਂ ਸੰਗੀਤ ਰਤਨਾਕਰ, ਸਵਰਮੇਲ ਕਲਾਨਿਧੀ, ਸੰਗੀਤ ਦਰਪਨ ਆਦਿ ਵਿਚ ਇਸ ਰਾਗ ਦਾ ਉਲੇਖ ਮਿਲਦਾ ਹੈ। ਇਸ ਦੀ ਪਛਾਣ ਇਕ ਸਨਤਾਨੀ ਰਾਗ ਵਜੋਂ ਕੀਤੀ ਜਾਂਦੀ ਹੈ। ਸਿਰੀ ਦੇ ਦੋ ਰੂਪ ਪ੍ਰਾਪਤ ਹੁੰਦੇ ਹਨ। ਸਿਰੀ ਦਾ ਇਕ ਰੂਪ ਕਾਫੀ ਥਾਟ ਦਾ ਹੈ। ਅਤੇ ਦੂਸਰਾ ਪੂਰਵੀ ਥਾਟ ਦਾ।ਪੂਰਵੀ ਥਾਟ ਦਾ ਸਰੂਪ ਵਧੇਰੇ ਪ੍ਰਚੱਲਤ ਹੈ ਅਤੇ ਗੁਰਮਤਿ ਸੰਗੀਤ ਤੇ ਭਾਰਤੀ ਸੰਗੀਤ ਵਿਚ ਇਸੇ ਰਾਗ ਦੀ ਜ਼ਿਆਦਾ ਮਾਨਤਾ ਹੈ। ਇਸ ਰਾਗ ਨਾਲ ਮਿਲਦੇ-ਜੁਲਦੇ ਰਾਗ ਪੂਰਵੀ, ਜੈਤਸਰੀ ਅਤੇ ਪੂਰੀਆ ਧਨਾਸਰੀ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਿਰੀ ਦੇ ਅੰਤਰਗਤ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ, ਸ੍ਰੀ ਗੁਰੂ ਅਰਜਨ ਦੇਵ ਜੀ, ਭਗਤ ਕਬੀਰ ਜੀ, ਭਗਤ ਤ੍ਰਿਲੋਚਨ ਜੀ, ਭਗਤ ਬੇਣੀ ਜੀ ਅਤੇ ਭਗਤ ਰਵਿਦਾਸ ਜੀ ਦੀ ਬਾਣੀ ਦਰਜ ਹੈ। ਇਸ ਰਾਗ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ 33 ਪਦੇ, 17 ਅਸਟਪਦੀਆ (ਇਕ ਸ਼ਬਦ ੨੪ ਪਦਿਆਂ ਦਾ), ਪਹਰੇ ਦੋ, ਸ੍ਰੀ ਗੁਰੂ ਅਮਰਦਾਸ ਜੀ ਦੇ 31 ਪਦੇ, ਅੱਠ ਅਸਟਪਦੀਆ, ਸ੍ਰੀ ਗੁਰੂ ਰਾਮਦਾਸ ਜੀ ਦੇ ਛੇ ਪਦੇ, ਇਕ ਛੰਤ, ਇਕ ਵਣਜਾਰਾ, ਇਕ ਵਾਰ, ਸ੍ਰੀ ਗੁਰੂ ਅਰਜਨ ਦੇਵ ਜੀ 30 ਪਦੇ, ਦੋ ਅਸਟਪਦੀਆ (ਇਕ ਸ਼ਬਦ 21 ਪਦਿਆਂ ਦਾ), ਇਕ ਪਹਰੇ, ਦੋ ਛੰਤ, ਭਗਤ ਕਬੀਰ ਜੀ ਦੇ ਦੋ ਸ਼ਬਦ, ਭਗਤ ਤ੍ਰਿਲੋਚਨ ਜੀ ਦਾ ਇਕ ਸ਼ਬਦ ਅਤੇ ਭਗਤ ਬੇਣੀ ਜੀ ਦਾ ਇਕੁ ਸ਼ਬਦ, ਭਗਤ ਰਵਿਦਾਸ ਜੀ ਦਾ ਇਕ ਸ਼ਬਦ ਦਰਜ ਹੈ।

ਗੁਰਮੀਤ ਸੰਗੀਤ ਦੀ ਪ੍ਰਥਾ ਅਨੁਸਰ ਇਹ ਰਾਗ ਸੋਦਰੁ ਦੀ ਕੀਤਰਨ ਚੋਕੀ ਵਿਚ ਗਾਇਆ ਜਾਂਦਾ ਹੈ। ਕਿਉਂ ਜੋ ਇਸ ਦਾ ਸਮਾਂ ਸ਼ਾਮ ਹੈ ਅਤੇ ਸ਼ਾਮ ਸੰਧੀ ਪ੍ਰਕਾਸ਼ ਦੇ ਨਾਲ ਅੱਗੇ ਆਉਣ ਵਾਲੀ ਰਾਤ ਨਾਲ ਸਬੰਧਤ ਪ੍ਰਕਿਰਤੀ ਚਿਤਰਣ ਦੀਆਂ ਮਿਸਾਲਾਂ ਇਸ ਵਿਚੋਂ ਮਿਲ ਜਾਂਦੀਆਂ ਹਨ।

ਗੁਰਮਤਿ ਸੰਗੀਤ ਦੇ ਕੀਰਤਨਕਾਰਾਂ ਵਿਚੋਂ ਰਾਗਦਾਰੀ ਦੀ ਪਛਾਣ ਰੱਖਣ ਵਾਲੇ ਕੀਰਤਨੀਏ ਹੀ ਇਸ ਨੂੰ ਗਾ ਸਕਦੇ ਹਨ, ਕਿਉਂ ਜੋ ਇਸ ਨੂੰ ਦੂਸਰੇ ਰਾਗਾਂ ਨਾਲੋਂ ਨਿਖੇੜਨ ਦੇ ਨਾਲ ਇਸ ਦੇ ਸੁਰਾਂ ਦਾ ਲਗਾਵ ਰਾਗੀ ਸੰਗੀਤ ਗੁਰੂ ਦੇ ਮੁੱਖੋਂ ਸੁਣ ਕੇ ਹੀ ਆਉਂਦਾ ਹੈ। ਸਾਡੀ ਸਿਮ੍ਰਤੀ ਵਿਚ ਸਿਰੀ ਰਾਗ ਨੂੰ ਗਿਆਨ ਸਿੰਘ ਅਲਮਸਤ ਨੇ ਪਟਿਆਲਾ ਆਪਣੇ ਕਿਆਮ ਦੌਰਾਨ ਗੁਰਮਤਿ ਸੰਗੀਤਾਚਾਰੀਆ ਪ੍ਰੋਫੈਸਰ ਤਾਰਾ ਸਿੰਘ ਦੇ ਗ੍ਰਹਿ ਵਿਖੇ ਸੁਣਾਇਆ, ਉਹ ਵਿਸ਼ੇਸ਼ ਸੀ। ਭਾਈ ਗੁਰਮੀਤ ਸਿੰਘ ਸ਼ਾਂਤ ਦੇ ਗਾਇਨ ’ਚੋ ਇਸ ਦੀ ਖੁਸ਼ਬੋ ਮਿਲਦੀ ਹੈ। ਵਰਤਮਾਨ ਸਮੇਂ ਦੇ ਗੁਰਮਤਿ ਸੰਗੀਤ ਸੇਵੀ ਤੇ ਸਰਪ੍ਰਸਤ ਸਵਰਗੀ ਸੰਤ ਬਾਬਾ ਸੁੱਚਾ ਸਿੰਘ ਜੀ ਨੇ ਲੇਖਕ ਦੀ ਆਵਾਜ਼ ਵਿਚ ਇਸ ਰਾਗ ਦੀ ਰਿਕਾਰਡਿੰਗ 1992 ਵਿਚ ਕਰਵਾਈ ਅਤੇ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਵਿਖ ਇਸ ਦਾ ਪ੍ਰਿੰ: ਬਲਦੇਵ ਸਿੰਘ, ਭਾਈ ਬਲਬੀਰ ਸਿੰਘ ਤੇ ਲੇਖਕ ਨੇ ਸਮੇਂ ਸਮੇਂ ਗਾਇਨ ਕੀਤਾ, ਜੋ ਇਨ੍ਹਾਂ ਦੀਆਂ ਰਿਕਾਰਡਿੰਗਜ਼ ਤੋਂ ਆਮ ਮਿਲ ਜਾਂਦਾ ਹੈ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਵੈਬਸਾਈਟ ਵਿਚ ਭਾਈ ਅਵਤਾਰ ਸਿੰਘ ਅਤੇ ਲੇਖਕ ਦੁਆਰਾ ਸਿਰੀ ਰਾਗ ਵਿਚ ਗਾਇਨ ਸ਼ਬਦ ਦੀ ਰਿਕਾਰਡਿੰਗ ਉਪਲਬਧ ਹੈ। ਇਹ ਰਾਗਾਤਮਕ ਖਜ਼ਾਨਾ ਆਉਣ ਵਾਲੀਆਂ ਪੀੜ੍ਹੀਆਂ ਲਈ ਰਾਹ-ਦਸੇਰਾ ਹੋ ਸਕਦਾ ਹੈ।

ਭਾਰਤੀ ਰਾਗ ਧਿਆਨ ਅਨੁਸਾਰ ਰਾਗਮਾਲਾ ਪੇਂਟਿੰਗਜ਼ ਵਿਚ ਸਿਰੀ ਰਾਗ ਦੇ ਪੁਰਤਾਨ ਚਿੱਤਰ ਉਪਲਬਧ ਹਨ। ਪ੍ਰਸਿੱਧ ਚਿੱਤਰਕਾਰ ਦੇਵਿੰਦਰ ਸਿੰਘ ਕੋਲੋਂ ਅਸੀਂ ਬਾਣੀ ’ਤੇ ਆਧਾਰਿਤ ਸਿਰੀ ਰਾਗ ਰਚਿਤ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਦੇ ਸਿਮ੍ਰਤੀ ਗ੍ਰੰਥ 1992 ਲਈ ਤਿਆਰ ਕਰਵਾਇਆ ਸੀ, ਜਿਸ ’ਤੇ ਸਿਰੀ ਰਾਗ ਦੀ ਬਾਣੀ ਦੇ ਪ੍ਰਸੰਗ ਵਿਚ ਕਲਾਤਮਿਕ ਪਛਾਣ ਉਜਾਗਰ ਹੁੰਦੀ ਹੈ।

ਸਮਕਾਲੀ ਗੁਰਮਤਿ ਸੰਗੀਤ ਰਚਨਾਵਾਂ ਦੇ ਵੱਖ-ਵੱਖ ਸੰਮੇਲਨਾਂ ਦੇ ਪ੍ਰਸੰਗ ਵਿਚ ਵੇਖੀਏ ਤਾਂ ਗਿਆਨ ਸਿੰਘ ਐਬਟਾਬਾਦ ਨੇ ਪੁਰਾਤਨ ਰਾਗੀ ਰਬਾਸ਼ੀ ਕੀਰਤਨੀਆਂ ਕੋਲੋਂ ਰਗਾਤਮਕ ਕੀਰਤਨ ਰਚਨਾਵਾਂ ਦਾ ਜੋ ਸੰਗ੍ਰਹਿ ਕੀਤਾ ਹੈ। ਉਸ ਵਿਚ ਭਾਈ ਤਾਬਾ ਜੀ ਦੀਆਂ ਸ੍ਰੀ ਰਾਗ ਵਿਚ ਸੱਤ ਬੰਦਿਸ਼ਾਂ ਵੀ ਦਿੱਤੀਆਂ ਤੇ ਸੁਰਲਿਪੀਬੱਧ ਕੀਤੀਆਂ ਹਨ। ਇਨ੍ਹਾਂ ਤੋਂ ਬਿਨਾਂ ਭਾਈ ਅਵਤਾਰ ਸਿੰਘ, ਗੁਰਚਰਨ ਸਿੰਘ, ਗੁਰਮਤਿ ਸੰਗਤਿ ਆਚਾਰੀਆ ਪ੍ਰੋਫੈਸਰ ਤਾਰਾ ਸਿੰਘ, ਇਨ੍ਹਾਂ ਸਤਰਾਂ ਦੇ ਲੇਖਕ (ਡਾ: ਗੁਰਨਾਮ ਸਿੰਘ), ਪ੍ਰੋਫੈਸਰ ਕਰਤਾਰ ਸਿੰਘ, ਪ੍ਰੋਫੈਸਰ ਪਰਮਜੋਤ ਸਿੰਘ ਆਦਿ ਨੇ ਵੀ ਸਿਰੀ ਰਾਗ ਵਿਚ ਸ਼ਬਦ ਕੀਰਤਨ ਅੰਗ ਤੋਂ ਸ੍ਰੀ ਰਾਗ ਵਿਚ ਸੁਰਲਿਪੀਬੱਧ ਸ਼ਬਦ ਰਚਨਾਵਾਂ ਪ੍ਰਕਾਸ਼ਿਤ ਕਰਵਾਈਆਂ ਹਨ।

**ਪ੍ਰੋਫੈਸਰ ਤੇ ਮੁਖੀ, ਗੁਰਮਤਿ ਸੰਗੀਤ ਚੇਅਰ – ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ**

# ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਪ੍ਰਯੁਕਤ ਸਿਰਲੇਖਾਂ, ਸੰਕੇਤਾਂ ਦਾ ਸੰਗੀਤਕ ਮਹੱਤਵ

***ਡਾ: ਹਰਜਸ ਕੌਰ**

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਨੂੰ ਵਿਭਿੰਨ ਸਿਰਲੇਖਾਂ, ਸੰਕੇਤਾਂ ਆਦਿ ਦੁਆਰਾ ਸਰੂਪਿਤ ਕੀਤਾ ਗਿਆ ਹੈ।ਇਹ ਵਿਭਿੰਨ ਸੰਗੀਤਕ ਸਿਰਲੇਖ ਜਿਥੇ ਸੁਤੰਤਰ ਹੋਂਦ ਰਖਦੇ ਹਨ ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕੁਲ ਸੰਪਾਦਨਾ ਅਤੇ ਇਸ ਦੀ ਸੰਚਾਰ ਪ੍ਰਕ੍ਰਿਆ ਵਿੱਚ ਇਨ੍ਹਾਂ ਦਾ ਵਿਸ਼ੇਸ਼ ਅਤੇ ਮਹੱਤਵਪੂਰਨ ਸਥਾਨ ਹੈ। ਇਸ ਸੰਪਾਦਨਾ ਦਾ ਆਧਾਰ ਰਾਗਤਮਕ ਹੈ ਜਿਵੇਂ ਕਿ ਵਿਭਿੰਨ ਰਾਗਾਂ ਦੇ ਸਿਰਲੇਖਾਂ ਤੋਂ ਸਪਸ਼ਟ ਹੈ। ਇਹ ਸਿਰਲੇਖ ਤੇ ਸੰਕੇਤ ਆਪਣਾ ਵਿਸ਼ੇਸ਼ ਵਿਗਿਆਨਕ ਆਧਾਰ ਰੱਖਦੇ ਹਨ। ਇਸ ਤੋਂ ਪਹਿਲਾਂ ਕਿ ਇਨ੍ਹਾਂ ਸੰਕੇਤਾਂ ਸਬੰਧੀ ਸੁਤੰਤਰ ਰੂਪ ਵਿੱਚ ਵਿਚਾਰੀਏ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇਨ੍ਹਾਂ ਦੇ ਲਿਖਿਤ ਸਰੂਪ ਨੂੰ ਪਹਿਚਾਣ ਲੈਣਾ ਅਤਿ ਜ਼ਰੂਰੀ ਹੈ।

**ਰਾਗਾਂ ਸਬੰਧੀ ਸਿਰਲੇਖ:** ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਰਾਗ, ਮਹਲਾ, ਘਰੁ ਆਦਿ ਸਿਰਲੇਖਾਂ ਵਿਚੋਂ ਰਾਗ ਦਾ ਸਭ ਤੋਂ ਪਹਿਲਾਂ ਆਉਣਾ ਇਹ ਸੰਕੇਤ ਕਰਦਾ ਹੈ ਕਿ ਸਬੰਧਿਤ ਬਾਣੀ ਦਾ ਗਾਇਨ ਨਿਰਧਾਰਤ ਰਾਗ ਅਧੀਨ ਕਰਨਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਰਾਗਾਂ ਦੇ ਸਿਰਲੇਖ ਮਿਲੇ ਹਨ ਜੋ ਇਸ ਪ੍ਰਕਾਰ ਹਨ:

**ਸ਼ੁੱਧ ਰਾਗ:** ਗੁਰਬਾਣੀ ਵਿੱਚ ਸ਼ੁੱਧ ਰਾਗਾਂ (ਮੁੱਖ ਰਾਗਾਂ) ਦੇ ਸਿਰਲੇਖ ਸਿੱਧੇ ਰੂਪ ਵਿੱਚ ਹੀ ਅੰਕਿਤ ਹਨ। ਉਦਾਹਰਣ ਦੇ ਤੌਰ'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਤਤਕਰੇ ਵਿੱਚ ਇਕੱਤੀ ਰਾਗ ਸਿਰੀ, ਮਾਝ, ਗਉੜੀ, ਆਸਾ ਆਦਿ ਸ਼ੁੱਧ ਰਾਗ ਹਨ।

**ਮਿਸ਼੍ਰਤ ਰਾਗ:** ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਮਿਸ਼੍ਰਤ ਰਾਗਾਂ ਦੇ ਸਿਰਲੇਖ ਵਿਭਿੰਨ ਰੂਪਾਂ ਵਿੱਚ ਮਿਲਦੇ ਹਨ ਉਦਾਹਰਣ ਦੇ ਤੌਰ 'ਤੇ ਰਾਗ 'ਰਾਗ ਗਉੜੀ ਮਾਝ ਮਹਲਾ ੪'[1] ਦਾ ਸਿਰਲੇਖ 'ਗਉੜੀ ਮਹਲਾ ੫ ਮਾਝ' ਹੈ ਭਾਵ ਗਉੜੀ + ਮਾਝ ਦੇ ਰਾਗ ਦੇ ਮਿਸ਼ਰਨ ਤੋਂ ਰਾਗ ਗਉੜੀ ਮਾਝ ਦੀ ਰਚਨਾ ਹੋਈ। ਇਨ੍ਹਾਂ ਤੋਂ ਇਲਾਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 'ਬਸੰਤ ਮਹਲਾ ੧ ਹਿੰਡੋਲ'[2] 'ਪ੍ਰਭਾਤੀ ਮਹਾਲ ੪ ਬਿਭਾਸ[3] ਆਦਿ ਰਾਗ ਵਜੋਂ ਅੰਕਿਤ ਹਨ।' ਮਿਸ਼੍ਰਤ ਰਾਗ ਛਾਇਆਲਗ ਤੇ ਸੰਕੀਰਣ ਪ੍ਰਕ੍ਰਿਤੀ ਦੇ ਹਨ। ਸੰਕੀਰਣ ਪ੍ਰਕ੍ਰਿਤੀ ਦਾ ਇਕ ਰਾਗ 'ਗਉੜੀ ਪੂਰਬੀ ਦੀਪਕੀ' ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 247 ਤੇ ਦਰਜ ਹੈ।

**ਦੱਖਣੀ ਪੱਧਤੀ ਦੇ ਰਾਗ:** ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਣੀ ਦੇ ਸੰਚਾਰ ਦੀਆਂ ਸੰਭਾਵਨਾਂ ਨੂੰ ਵਧਾਉਣ ਲਈ ਦੱਖਣੀ ਜਾਂ ਕਰਨਾਟਕੀ ਸੰਗੀਤ ਪੱਧਤੀ ਦੇ ਰਾਗਾਂ ਦਾ ਵੀ ਇਸਤੇਮਾਲ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਰਾਗਾਂ ਦੇ ਨਾਮ ਨਾਲ ਅੰਕਿਤ 'ਦਖਣੀ' ਸ਼ਬਦ ਦੱਖਣੀ ਪੱਧਤੀ ਦੇ ਰਾਗ ਹੋਣ ਦਾ ਸੂਚਕ ਹਨ ਅਤੇ ਇਨ੍ਹਾਂ ਦੇ ਨਾਦਾਤਮਕ ਸਰੂਪ ਵੀ ਦੱਖਣੀ ਪੱਧਤੀ ਵਿੱਚ ਹੀ ਮਿਲਦੇ ਹਨ। ਇਹ ਦੱਖਣੀ ਰਾਗ ਪ੍ਰਕਾਰ ਮੁੱਖ ਰਾਗਾਂ ਅਧੀਨ ਦਰਜ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗਉੜੀ ਦਖਣੀ, ਵਡਹੰਸ ਦੱਖਣੀ, ਬਿਲਾਵਲ ਦੱਖਣੀ, ਰਾਮਕਲੀ ਦੱਖਣੀ, ਮਾਰੂ ਦੱਖਣੀ, ਪ੍ਰਭਾਤੀ ਦਖਣੀ ਦੱਖਣੀ ਪੱਧਤੀ ਦੇ ਰਾਗ ਹਨ।

**ਸੁਧੰਗ:** ਸੁਧੰਗ ਤੋਂ ਭਾਵ ਸ਼ੁੱਧ ਅੰਗ ਜਾਂ ਜਿਸ ਵਿੱਚ ਸਾਰੇ ਸੁਰ ਸ਼ੁੱਧ ਲਗਦੇ ਹਨ। ਰਾਗ ਆਸਾਵਰੀ ਸੁਧੰਗ, ਰਾਗ ਆਸਾਵਰੀ ਦੇ ਇਕ ਸਰੂਪ ਵਿੱਚ ਕੋਮਲ ਰਿਸ਼ਭ ਲਗਦਾ ਹੈ ਅਤੇ ਦੂਸਰੇ ਸਰੂਪ ਵਿੱਚ ਰਿਸ਼ਭ ਸ਼ੁੱਧ ਦਾ ਪ੍ਰਯੋਗ ਕੀਤਾ ਜਾਂਦਾ ਹੈ। ਭਾਰਤੀ ਸੰਗੀਤ ਵਿੱਚ ਪ੍ਰਾਚੀਨ ਸਮੇਂ ਕੋਮਲ ਰਿਸ਼ਭ ਵਾਲੀ ਆਸਾਵਰੀ ਪ੍ਰਚਲਿਤ ਸੀ ਪਰ ਇਸ ਨੂੰ ਕੋਮਲ ਰਿਸ਼ਭ ਵਾਲੀ ਆਸਾਵਰੀ ਨਹੀਂ ਸੀ ਲਿਖਿਆ ਜਾਂਦਾ ਸਗੋਂ ਸ਼ੁੱਧ ਅੰਗ ਵਾਲੀ ਆਸਾਵਰੀ ਨੂੰ 'ਆਸਾਵਰੀ ਸੁਧੰਗ' ਦਾ ਨਾਮ ਦਿੱਤਾ ਜਾਂਦਾ ਸੀ। ਗੁਰਮਤਿ ਸੰਗੀਤ ਵਿੱਚ ਆਸਾਵਰੀ ਦੇ ਦੋਵਾਂ ਰੂਪਾਂ ਦੀ ਵਰਤੋਂ ਕੀਤੀ ਗਈ ਹੈ। ਇਸ ਵਿੱਚ ਕੋਮਲ ਰਿਸ਼ਭ ਵਾਲੇ ਆਸਾਵਰੀ ਨੂੰ 'ਆਸਾਵਰੀ' ਅਤੇ ਸ਼ੁੱਧ ਰਿਸ਼ਭ ਵਾਲੀ ਆਸਾਵਰੀ ਲਈ 'ਆਸਾਵਰੀ ਸੁਧੰਗ' ਸ਼ਬਦ ਦੀ ਵਰਤੋਂ ਕੀਤੀ ਗਈ ਹੈ।

**ਰਹਾਉ:** ਗੁਰਬਾਣੀ ਵਿੱਚ ਸੰਗੀਤਕ ਪੱਖੋਂ ਰਹਾਉ ਇਕ ਮਹੱਤਵਪੂਰਨ ਇਕਾਈ ਹੈ। ਰਹਾਉ ਦੀ ਤੁਕ ਵਿੱਚ ਸ਼ਬਦ ਦਾ ਕੇਂਦਰੀ ਭਾਵ ਮੌਜੂਦ ਹੁੰਦਾ ਹੈ। ਬਾਣੀ ਦੀ ਵਿਚਾਰ ਦੇ ਸੰਦਰਭ ਜਿਥੇ ਰਹਾਉ ਦੀ ਤੁੱਕ ਅਹਿਮ ਭੂਮਿਕਾ ਨਿਭਾਉਂਦੀ ਹੈ ਉਥੇ ਸੰਗੀਤਕ ਸੰਚਾਰ ਲਈ ਰਹਾਉ ਕੇਂਦਰੀ ਧੁਰਾ ਹੈ। ਭਾਰਤੀ ਸੰਗੀਤ ਵਿੱਚ ਰਹਾਉ ਨੂੰ ਧਰੁਵ, ਟੇਕ ਅਤੇ ਸਥਾਈ ਸ਼ਬਦ ਨਾਲ ਵੀ ਪ੍ਰੀਭਾਸ਼ਿਤ ਕੀਤਾ ਜਾਂਦਾ ਹੈ। ਗੁਰਬਾਣੀ ਸੰਗੀਤ ਵਿੱਚ ਰਹਾਉ ਦੀ ਤੁਕ ਨੂੰ ਸਥਾਈ ਮੰਨ ਕੇ ਹਰ ਅੰਤਰੇ ਤੋਂ ਬਾਅਦ ਬਾਰ ਬਾਰ ਗਾਇਨ ਕਰਨ ਦੀ ਪਰੰਪਰਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਬਾਣੀ ਦੇ ਉਦੇਸ਼ ਨੂੰ ਮੁੱਖ ਰੱਖਕੇ ਕਈ ਸ਼ਬਦਾਂ ਵਿੱਚ ਰਹਾਉ ਦੋ, ਰਹਾਉ ਤਿੰਨ ਅਤੇ ਰਹਾਉ ਚਾਰ ਵੀ ਦਿਸ਼ਟੀਗੋਚਰ ਹੁੰਦੇ ਹਨ ਉਨ੍ਹਾਂ ਲਈ ਰਹਾਉ ੧, ਰਹਾਉ ੨ ਇਸ ਤਰ੍ਹਾਂ ਅੰਕ ਵਿਦਮਾਨ ਹਨ। ਸ਼ਬਦ ਵਿੱਚ ਜਦੋਂ ਸਮੱਸਿਆ ਦਾ ਸਮਾਧਾਨ ਹੋ ਜਾਂਦਾ ਹੈ ਤਾਂ ਉਥੇ ਰਹਾਉ ਦੀ ਤੁੱਕ ਬਦਲ ਜਾਂਦੀ ਹੈ। ਇਸ ਲਈ ਰਹਾਉ ਦੂਜੇ ਦੀ ਤੁਕ ਨੂੰ ਸਥਾਈ ਤੌਰ ਤੇ ਗਾਇਨ ਕਰਨਾ ਹੈ। ਸ਼ਬਦ ਨੂੰ ਨਿਧਾਰਤ ਬਣੀ ਪ੍ਰਬੰਧ ਅਨੁਸਾਰ ਰਹਾਉ ਦੀ ਤੁਕ ਦਾ ਬਾਰ ਬਾਰ ਗਾਇਨ, ਜਿਥੇ ਸ਼ਬਦ ਦੇ ਅੰਤਰਨਿਹਿਤ ਭਾਵਾਂ ਨੂੰ ਪ੍ਰਕਾਸ਼ਮਾਨ ਕਰਨ ਵਿੱਚ ਸਹਾਈ ਹੈ ਉਥੇ ਭਾਵਾਂ ਵਿੱਚ ਦ੍ਰਿੜਤਾ ਪ੍ਰਦਾਨ ਕਰਨ ਹਿੱਤ ਤੀਬਰਤਾ ਦਾ ਵਾਧਾ ਕਰਦੀ ਹੈ।

**ਅੰਕ:** ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਬਦ ਨੂੰ ਵਿਭਿੰਨ ਅੰਕਾਂ ਦੁਆਰਾ ਵਿਭਾਜਿਤ ਕੀਤਾ ਗਿਆ ਹੈ। ਸ਼ਬਦ ਵਿੱਚ ਰਹਾਉ ਦੀ ਤੁਕ ਤੋਂ ਬਿਨਾਂ ਤੁਕਾਂ ਦੀ ਸਮਾਪਤੀ ਤੇ ੧, ੨, ੩, ੪ ਆਦਿ ਅੰਕ ਮਿਲਦੇ ਹਨ ਜੋ ਅੰਤਰਿਆਂ ਦੇ ਸੂਚਕ ਹਨ ਜਾਂ ਅੰਤਰੇ ਦੀ ਸੀਮਾ ਦਰਸਾਉਂਦੇ ਹਨ ਤਾਂ ਜੋ ਗੁਰਮਤਿ ਸੰਗੀਤ ਵਿਧਾਨ ਅਨੁਸਾਰ ਰਹਾਉ ਦੀ ਤੁਕ ਦਾ ਬਾਰ ਬਾਰ ਗਾਇਨ ਹੋ ਸਕੇ। ਇਨ੍ਹਾਂ ਅੰਕਾਂ ਤੋਂ ਹੀ ਸ਼ਬਦ ਦੀ ਕਾਵਿ/ਗਾਇਨ ਸ਼ੈਲੀ ਦਾ ਗਿਆਨ ਹੁੰਦਾ ਹੈ, ਉਦਾਹਰਣ ਦੇ ਤੌਰ ਤੇ ਚਉਪਦੇ ਵਿੱਚ ਚਾਰ ਪਦੇ, ਦੁਪਦੇ ਵਿੱਚ ਦੋ ਪਦੇ ਹੁੰਦੇ ਹਨ। ਇਨ੍ਹਾਂ ਪਦਿਆਂ ਦੀ ਗਿਣਤੀ ਸਾਨੂੰ ਅੰਕਾਂ ਤੋਂ ਹੀ ਪਤਾ ਲੱਗਦੀ ਹੈ ਕਿ ਇਸ ਸ਼ਬਦ ਦੇ ਕੁਲ ਕਿੰਨੇ ਬੰਦ ਹਨ। ਇਹ ਅੰਕ ਜਾਂ ਅੰਤਰੇ ਦੀ ਤੁਕ ਦਾ ਸਬੰਧ ਰਹਾਉ ਦੀ ਤੁਕ ਦੇ ਕੇਂਦਰੀ ਭਾਵ ਨੂੰ ਦ੍ਰਿੜ ਕਰਵਾਉਣ ਲਈ ਉਪਜਿਤ ਸਮੱਸਿਆ ਦੇ ਸਮਾਧਾਨ ਲਈ ਪ੍ਰਮਾਣ, ਦਲੀਲਾਂ, ਉਕਤੀਆਂ ਜਾਂ ਉਦਾਹਰਣਾਂ ਦਾ ਰੂਪ ਹਨ। ਸ਼ਬਦ ਵਿੱਚ ਹਰ ਅੰਤਰੇ ਤੋਂ ਬਾਅਦ ਰਹਾਉ ਦੀ ਤੁਕ ਤੇ ਆਉਣ ਦੀ ਪ੍ਰਕ੍ਰਿਆ ਸ਼ਬਦ ਦੇ ਅੰਤਰਨਿਹਿਤ ਭਾਵਾਂ ਦਾ ਬੋਧ ਕਰਵਾਉਣ ਦੇ ਸਮਰੱਥ ਹੁੰਦੀ ਹੈ।

**ਗਾਇਨ ਸੈਲੀਆਂ:** ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅਸਟਪਦੀ ਪਦੇ, ਪੜਤਾਲ, ਛੰਤ, ਘੋੜੀਆਂ, ਅਲਾਹੁਣੀਆਂ, ਅੰਜੁਲੀ, ਮੰਦਾਵਣੀ ਕਾਵਿ ਰੂਪ/ਗਾਇਨ ਸੈਲੀਆਂ ਸਿਰਲੇਖ ਵਜੋਂ ਮਿਲਦੀਆਂ ਹਨ। ਗੁਰਮਤਿ ਸੰਗੀਤ ਦੇ ਅੰਤਰਗਤ ਗੁਰੂ ਸਾਹਿਬਾਨ ਨੇ ਜਿਥੇ ਧਰੁਪਦ, ਪ੍ਰਬੰਧ, ਪੜਤਾਲ ਜਿਹੀਆਂ ਸ਼ਾਸਤਰੀ ਗਾਇਨ ਸ਼ੈਲੀਆਂ ਦਾ ਪ੍ਰਯੋਗ ਕੀਤਾ ਉਥੇ ਅਲਾਹੁਣੀਆਂ, ਘੋੜੀਆਂ, ਵਾਰ, ਸੋਲਹੇ, ਛੰਤ, ਮੁੰਦਾਵਣੀ ਆਦਿ ਦੇਸੀ ਜਾਂ ਲੋਕ ਰੂਪਾਂ ਦਾ ਵੀ ਇਸਤੇਮਾਲ ਕੀਤਾ। ਬਾਣੀ ਲਈ ਪ੍ਰਯੁਕਤ ਇਨ੍ਹਾਂ ਗਾਇਨ ਸ਼ੈਲੀਆਂ ਨੂੰ ਗੁਰਮਤਿ ਸੰਗੀਤ ਵਿਧਾਨ ਦੇ ਅਨੁਸਾਸ਼ਨ ਅਧੀਨ ਬਾਣੀ ਦੇ ਉਦੇਸ਼ ਨੂੰ ਮੁੱਖ ਰੱਖ ਕੇ ਪ੍ਰਯੋਗ ਵਿੱਚ ਲਿਆਇਆ ਗਿਆ। ਇਥੇ ਇਨ੍ਹਾਂ ਸ਼ੈਲੀਆਂ ਨੂੰ ਸੰਗੀਤਕ ਨਾਮ ਦੀ ਬਜਾਏ ਬਾਣੀ ਪ੍ਰਧਾਨ ਹੋਣ ਕਰਕੇ ਕਾਵਿਕ ਨਾਮ ਦਿੱਤਾ ਗਿਆ ਹੈ ਕਿਉਂ ਜੋ ਬਾਣੀ ਕਾਵਿਕ ਜਾਮੇ ਵਿੱਚ ਦਰਜ ਹੈ। ਭਿੰਨ ਭਿੰਨ ਕਾਵਿ ਰੂਪ ਭਿੰਨ ਭਿੰਨ ਸ਼ਾਸਤਰੀ ਅਤੇ ਲੋਕ ਗਾਇਨ ਸ਼ੈਲੀਆਂ ਉੱਤੇ ਆਧਾਰਿਤ ਹਨ ਜਿਵੇਂ ਅਸਟਪਦੀ ਬਾਣੀ ਪ੍ਰਬੰਧ ਰੂਪ ਵਿੱਚ, ਪਦ ਬਾਣੀ ਰੂਪ ਧਰੁਪਦ ਦੇ ਗਾਇਨ ਰੂਪ ਵਿੱਚ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗਾਇਨ ਸ਼ੈਲੀ ਦਾ ਸਿਰਲੇਖ ਰੂਪ ਵਿੱਚ ਆਉਣਾ ਇਹ ਸੰਕੇਤ ਕਰਦਾ ਹੈ ਕਿ ਸ਼ਬਦ ਨੂੰ ਸਬੰਧਿਤ ਰਾਗ ਅਧੀਨ ਨਿਰਧਾਰਤਿ ਗਾਇਨ ਸ਼ੈਲੀ ਵਿੱਚ ਗਾਇਨ ਕਰਨਾ ਹੈ।

**ਘਰੁ:** ਗੁਰਬਾਣੀ ਵਿਚ ਰਾਗ ਤੋਂ ਬਾਅਦ ਅਗਲਾ ਸੰਗੀਤਕ ਸੰਕੇਤ ਘਰੁ ੧, ਘਰੁ ੨ ਆਦਿ ਇਸ ਤਰ੍ਹਾਂ ਸਿਰਲੇਖ ਰੂਪ ਵਿੱਚ ਅੰਕਿਤ ਹੈ। ਘਰੁ ਦੀ ਕੁਲ ਗਿਣਤੀ 17 ਹੈ। ਘਰੁ ਦੇ ਸਬੰਧ ਵਿੱਚ ਵਿਦਵਾਨਾਂ ਦੇ ਵੱਖ ਵੱਖ ਮੱਤ ਹਨ। ਭਾਈ ਵੀਰ ਸਿੰਘ ਜੀ ਅਨੁਸਾਰ, "ਸਾਜ਼ਾਂ ਵਿੱਚ ਭਿੰਨ ਗ੍ਰਾਮ ਦੀਆਂ ਸੁਰਾਂ ਦੇ ਟਿਕਾਣੇ ਤੋਂ ਘਰੁ ਹਨ।ਘਰੁ ੧ ਭਾਵ ਗਾਏ ਜਾਣ ਵਾਲੇ ਰਾਗ ਦੀ ਪ੍ਰਧਾਨ ਸੁਰ ਦੀ ਸੰਖਯਾ ਦਾ ਸੰਕੇਤ ਹੈ।"[1] ਭਾਈ ਕਾਨ੍ਹ ਸਿੰਘ ਨਾਭਾ ਘਰੁ ਸਬੰਧੀ ਲਿਖਦੇ ਹਨ, 'ਗੁਰਮਤਿ ਸੰਗੀਤ ਅਨੁਸਾਰ ਘਰੁ ਦੇ ਦੋ ਅਰਥ ਹਨ। ਇਕ ਤਾਲ ਦੂਜਾ ਸਵਰ ਅਤੇ ਮੂਰਛਨਾ ਦੇ ਭੇਦ ਕਰਕੇ ਇਕ ਹੀ ਰਾਗ ਦੇ ਸਰਗਮ ਪ੍ਰਸਤਾਰ ਅਨੁਸਾਰ ਗਾਉਣ ਦੇ ਪ੍ਰਕਾਰ।[2] ਬਹੁਮਤ ਵਿਦਵਾਨਾਂ ਨੇ ਘਰੁ ਨੂੰ ਤਾਲ ਵਜੋਂ ਸਵੀਕਾਰਿਆ ਹੈ। ਘਰੁ ਪਦ ਦੇ ਅੱਗੇ ਜੋ ਅੰਕ ਹੋਵੇ ਉਸ ਅਨੁਸਾਰ ਸਮਝ ਲੈਣਾ ਚਾਹੀਦਾ ਹੈ ਕਿ ਸ਼ਬਦ ਉਸ ਤਾਲ ਵਿਚ ਗਾਉਣਾ ਹੈ ਕਿਉਂਕਿ

ਸੁਰ, ਤਾਲ, ਲਯ, ਅੰਗ, ਨਯਾਸ, ਗ੍ਰਹਿ ਇਹੋ ਗੱਲਾਂ ਰਾਗ ਦਾ ਸਰੂਪ ਪ੍ਰਕਾਸ਼ ਦੀਆਂ ਹਨ। ਇਸ ਲਈ ਜਿੰਨੇ ਜਿੰਨੇ ਤਾਲ ਵਿਚ ਜੋ ਜੋ ਰਾਗ ਦਾ ਸ਼ਬਦ 'ਵ' ਬਾਣੀ ਉਚਰੀ ਸੋ ਸੋ ਗਾਉਣ ਲਈ ਤਾਲ ਦਾ ਪਤਾ ਲਿਖਿਆ ਹੈ।[3]ਘਰੁ ਦੇ ਸਬੰਧ ਇਕ ਗਾਹ, ਦੋ ਗਾਹ, ਸਿਰ ਗਾਹ, ਚਾਰ ਗਾਹ ਆਦਿ ਆਖਿਆ ਜਾਂਦਾ ਹੈ।[4] ਸੋ ਹੋ ਸਕਦਾ ਹੈ ਕਿ ਗੁਰੂ ਸਾਹਿਬਾਨ ਨੇ ਗਾਹ, ਜਿਸ ਦਾ ਅਰਥ ਘਰ ਹੈ ਨੂੰ ਤਾਲ ਦਰਸਾਉਣ ਲਈ ਪ੍ਰਯੋਗ ਕੀਤਾ ਹੋਵੇ। ਫਾਰਸੀ ਬਹਿਰ ਦੀ ਬੁਨਿਆਦ 'ਤੇ ਇਹ ਮਤ ਵੀ ਪ੍ਰਚਾਰ ਵਿੱਚ ਹੈ ਕਿ ਅਮੀਰ ਖੁਸਰੋ ਨੇ 17 ਤਾਲ ਇਜਾਦ ਕੀਤੇ ਜਿਨ੍ਹਾਂ ਦੇ ਨਾਮ ਪਸ਼ਤੋ, ਜ਼ੋਬਹਾਰ, ਕੱਵਾਲੀ, ਸੂਲਫਾਖਤਾ, ਜਤ ਜਲਦ, ਤਿਲਾਲਾ, ਸਵਾਰੀ, ਆੜਾ ਚੋਤਾਲ, ਝੂਮਰਾ, ਜ਼ਮਾਨੀ ਸਵਾਰੀ, ਦਾਸਤਾਨ, ਖਮਸ, ਫਰੋਦਸਤ, ਕੈਦ, ਪਹਿਲਵਾਨ, ਪਟ ਅਤੇ ਚਪਕ ਹਨ।[5] ਇਹ 17 ਤਾਲ ਮੱਧ ਕਾਲ ਵਿੱਚ ਭਾਰਤੀ ਸੰਗੀਤ ਵਿੱਚ ਪ੍ਰਚਾਰ ਵਿੱਚ ਸਨ। ਸੰਭਵ ਹੈ ਕਿ ਗੁਰੂ ਸਾਹਿਬਾਨ ਦੇ ਵਰਤੇ 17 ਘਰੁ ਇਹ ਭਾਰਤੀ ਸੰਗੀਤ ਵਿੱਚ ਪ੍ਰਚਲਿਤ ਇਹ 17 ਘਰੁ ਹੀ ਹੋਣ। ਕੁੱਝ ਵੀ ਹੋਵੇ ਬਹੁਤੇ ਵਿਦਵਾਨ ਘਰੁ ਨੂੰ ਤਾਲ ਵਜੋਂ ਹੀ ਸਵੀਕਾਰ ਕਰਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਘਰੁ ਦੇ ਸਿਰਲੇਖ ਗਿਣਤੀ ਤੋਂ ਇਲਾਵਾ ਤਿੰਨ ਹੋਰ ਸਿਰਲੇਖ ਮਿਲਦੇ ਹਨ।

**ਏਕ ਸੁਆਨ ਕੈ ਘਰਿ ਗਾਵਣਾ:** ਏਕ ਸੁਆਨ ਕੈ ਘਰਿ ਗਾਵਣਾ ਤੋਂ ਭਾਵ ਇਸ ਸ਼ਬਦ ਨੂੰ ਉਸੇ ਘਰੁ ਵਿੱਚ ਗਾਉਣਾ ਹੈ ਜਿਸ ਵਿੱਚ ਸ੍ਰੀ ਰਾਗ ਦਾ ਸ਼ਬਦ 'ਏਕ ਸੁਆਨ ਦੁਇ ਸੁਆਨੀ ਨਾਲਿ' ਗਾਈਦਾ ਹੈ ਉਸੇ ਘਰ ਵਿੱਚ ਇਹ ਸ਼ਬਦ ਗਾਉਣ ਦਾ ਸੰਕੇਤ ਹੈ।

**ਰਹੋਏ ਕੈ ਛੰਤ ਕੇ ਘਰਿ ਗਾਵਣਾ:** ਜਿਸ ਧਾਰਨਾ ਜਾਂ ਸੂਰ ਪ੍ਰਸਤਾਰ ਵਿੱਚ ਰਹੋਆ ਛੰਤ ਦਾ ਗਾਇਨ ਕੀਤਾ ਜਾਂਦਾ ਹੈ। ਰਹੋਆ ਇਕ ਪ੍ਰਕਾਰ ਦਾ ਪੰਜਾਬੀ ਗੀਤ ਹੈ ਜੋ ਲੰਮੀ ਹੇਕ ਨਾਲ ਗਾਈਦਾ ਹੈ ਅਤੇ ਇਸ ਵਿੱਚ ਰਹਾਉ ਦੀ ਤੁਕ ਦਾ ਵਾਰ ਵਾਰ ਗਾਇਨ ਕੀਤਾ ਜਾਂਦਾ ਹੈ। ਇਸੇ ਰਹੋਏ ਦੀ ਰੀਤ 'ਤੇ ਹੀ ਸਬੰਧਿਤ ਸ਼ਬਦ 'ਕੋਈ ਰਾਮ ਪਿਆਰੇ ਗਾਵੈ' ਗਾਇਨ ਕਰਨਾ ਹੈ।

ਘਰ ਬਾਰੇ ਵਿਦਵਾਨਾਂ ਦੇ ਵੱਖ੍ਵੱਖ ਮੱਤ ਹੋਣ ਦੇ ਬਾਵਜੂਦ ਬਹੁਤੇ ਵਿਦਵਾਨ ਇਸ ਨੂੰ ਤਾਲ ਵਜੋਂ ਸਵੀਕਾਰਦੇ ਹਨ। ਸਮੇਂ ਦੇ ਅੰਤਰਾਲ ਸਦਕਾ ਵਿਵਹਾਰਕ ਤੌਰ 'ਤੇ ਘਰੁ ਦਾ ਪ੍ਰਯੋਗ ਸਮਾਪਤ ਹੋ ਗਿਆ ਹੈ।

**ਜਤਿ:** ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਜਤਿ ਦਾ ਰਾਗ ਬਿਲਾਵਲ ਅਧੀਨ ਇਕ ਸਰਲੇਖ ਅੰਕਿਤ ਹੈ 'ਬਿਲਾਵਲ ਮਹਲਾ ੧ ਥਿਤੀ ਘਰੁ ੧੦ ਜਤਿ।' 'ਜਤਿ ਜੋ ਭਾਰਤੀ ਸੰਗੀਤ ਵਿੱਚ ਯਤਿ ਦੇ ਨਾਮ ਤੋਂ ਪ੍ਰਚੱਲਿਤ ਹੈ।ਯਤਿ ਤੋਂ ਭਾਵ ਹੈ ਨਿਰੰਤਰ ਚਾਲ ਵਿੱਚ ਠਹਿਰਾਵ ਦੀਆਂ ਅਵਸਥਾਵਾਂ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, 'ਸੰਗੀਤ ਦੀ ਧਾਰਨਾ ਨਾਉ ਜਤਿ (ਯਤਿ) ਹੈ ਅਤੇ ਮ੍ਰਿਦੰਗ ਦੇ ਬੋਲ ਦਾ ਜਿਥੇ ਵਿਸ੍ਰਾਮ ਹੋਵੇ ਉਸ ਨੂੰ ਵੀ ਜਤਿ ਦੀ ਸੰਗਯਾ ਹੈ।'[6] ਡਾ. ਚਰਨ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਬਾਣੀ ਬਿਉਰੇ ਵਿਚ ਲਿਖਿਆ ਹੈ, 'ਜਤਿ, ਗਤਿ, ਸਪਥ ਇਹ ਤਿੰਨੇ ਜੋੜੀ ਦੇ ਕਰਤਬ ਹਨ, ਜਿਸ ਵੇਲੇ ਸੱਜਾ ਹੱਥ ਗਤਿ ਦਾ ਕੰਮ ਕਰੇ ਅਰਥਾਤ ਗਤ ਵਾਕਰ ਉਂਗਲੀਆਂ ਵਿਚ ਜੋੜੀ ਦੇ ਕਿਨਾਰੇ ਅਤੇ ਵਿਚਕਾਰ ਕੰਮ ਕਰੇ ਅਤੇ ਜਦੋਂ ਦੋਹਾਂ ਹੱਥਾਂ ਦੀਆਂ ਉਂਗਲੀਆਂ ਹਰਫ ਕੱਢਣ ਅਤੇ ਖੱਬਾ ਹੱਥ ਸਾਥ ਵਾਕਰ ਖੁਲਾਸਾ ਵਜਾਏ ਤਾਂ ਉਸ ਨੂੰ ਜਤਿ ਕਹਿੰਦੇ ਹਨ। ਜਦ ਦੋਵੇਂ ਹੱਥ ਖੁਲ੍ਹੇ ਕੰਮ ਕਰਨ ਅਤੇ ਆਵਾਜ਼ ਵੀ ਖੁਲ੍ਹੀ ਨਿਕਲੇ (ਜਿਸ ਨੂੰ ਕੜ ਕੁਟ ਆਖਦੇ ਹਨ) ਤਾਂ ਉਸ ਦੀ ਸੰਗਯਾ ਸਾਥ ਹੁੰਦੀ ਹੈ'[7] ਜਤਿ ਦਾ ਸਬੰਧ ਜੋੜੀ ਵਜਾਉਣ ਦੀ ਇਕ ਗਤ ਨਾਲ ਹੈ।[8] ਵਰਤਮਾਨ ਸੰਗੀਤਾਚਾਰੀਆ ਜਤਿ ਨੂੰ ਇਸ ਤਰ੍ਹਾਂ ਪ੍ਰੀਭਾਸ਼ਿਤ ਕਰਦੇ ਹਨ ਕਿ ਜਦੋਂ ਜੋੜੀ ਉੱਤੇ ਸੱਜਾ ਹੱਥ ਖੁਲ੍ਹਾ ਬੋਲ ਵਜਾਏ ਅਤੇ ਖੱਬਾ ਹੱਥਾ ਬੰਦ ਬੋਲ ਵਜਾਏ ਤਾਂ ਅਜਿਹੀ ਤਾਲ ਪ੍ਰਕ੍ਰਿਆ ਨੂੰ ਜਤਿ ਦਾ ਨਾਮ ਦਿੱਤਾ ਜਾਂਦਾ ਹੈ। ਸੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਸਿਰਲੇਖ ਤੋਂ ਭਾਵ ਹੈ ਕਿ ਰਾਗ ਬਿਲਾਵਲ ਅਧੀਨ ਥਿਤੀ ਦੇ ਵਿਸ਼ਿਸ਼ਟ ਵਿਸ਼ਰਾਮਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਦਸਵੇਂ ਘਰੁ ਦੀ ਲੈਅ ਵਿੱਚ ਇਸ ਸ਼ਬਦ ਦਾ ਗਾਇਨ ਕਰਨਾ ਹੈ।

**ਧੁਨੀ:** ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕੁਝ ਵਾਰਾਂ ਉਪਰ ਮੱਧਕਾਲ ਵਿਚ ਪ੍ਰਚਲਿਤ ਧੁਨੀਆਂ ਦੇ ਸਿਰਲੇਖ ਅੰਕਿਤ ਹਨ। ਉਦਾਹਰਣ ਦੇ ਤੌਰ 'ਤੇ:

- ਵਾਰ ਮਾਝ ਦੀ ਤਥਾ ਸਲੋਕ ਮਹਲਾ ੧ ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ ਗਾਵਣੀ॥
- ਗਉੜੀ ਕੀ ਵਾਰ ਮਹਲਾ ੫
  ਰਾਇ ਕਮਾਲਦੀ ਮੌਜਦੀ ਕੀ ਵਾਰ ਦੀ ਧੁਨਿ ਉਪਰਿ ਗਾਵਣੀ॥

- ਆਸਾ ਮਹਲਾ ੧ਵਾਰ ਸਲੋਕਾਂ ਨਾਲ ਸਲੋਕ ਭੀ ਮਹਲੇ ਪਹਿਲੇ ਦੇ ਲਿਖੇ ਟੁੰਡੇ ਅਸਰਾਜੇ ਦੀ ਧੁਨੀ ਆਦਿ

ਉਪਰੋਕਤ ਸਿਰਲੇਖਾਂ ਤੋਂ ਸਪਸ਼ਟ ਹੈ ਕਿ ਵਾਰ ਦਾ ਗਾਇਨ ਕਰਨ ਲਈ ਜਿਥੇ ਲੋਕ ਸੰਗੀਤ ਅੰਗ ਤੋਂ ਧੁਨੀ ਦਾ ਸੰਕੇਤ ਹੈ, ਉਥੇ ਸ਼ਾਸਤਰੀ ਸੰਗੀਤ ਦੇ ਤੋਰ ’ਤੇ ਰਾਗ ਵੀ ਨਿਰਧਾਰਤ ਕੀਤੇ ਗਏ ਹਨ। ਲੋਕ ਵਾਰਾਂ ਦੀਆਂ ਧੁਨੀਆਂ ਉਤੇ ਰਾਗਾਂ ਦਾ ਨਿਰਧਾਰਣ ਗੁਰਮਤਿ ਸੰਗੀਤ, ਲੋਕ ਸੰਗੀਤ ਅਤੇ ਸ਼ਾਸਤਰੀ ਸੰਗੀਤ ਦਾ ਮੇਲ ਦਰਸਾਉਂਦਾ ਹੈ। ਗੁਰਬਾਣੀ ਵਾਰ, ਧੁਨੀ ਅਤੇ ਰਾਗ ਦੀ ਸੰਯੁਕਤ ਪ੍ਰਸਤੁਤੀ ਗੁਰਬਾਣੀ ਦੀਆਂ ਵਾਰਾਂ ਦੀ ਸੰਚਾਰ ਪ੍ਰਕ੍ਰਿਆ ਦੇ ਨਿਵੇਕਲੇ ਪ੍ਰਬੰਧ ਨੂੰ ਉਜਾਗਰ ਕਰਦੀ ਹੈ।

ਉਕਤ ਵਿਭਿੰਨ ਸਿਰਲੇਖ ਗੁਰਮਤਿ ਸੰਗੀਤ ਦੇ ਪ੍ਰਸਤੁਤੀ ਵਿਧਾਨ ਵਿੱਚ ਜਿਥੇ ਸੁਤੰਤਰ ਪਹਿਚਾਣ ਰਖਦੇ ਹਨ ਉਥੇ ਇਹ ਸੰਮਿਲਤ ਪੇਸ਼ਕਾਰੀ ਲਈ ਵਿਸ਼ੇਸ਼ ਮਹੱਤਵ ਰਖਦੇ ਹਨ ਜਿਨ੍ਹਾਂ ਦਾ ਵਿਗਿਆਨਕ ਵਿਸ਼ਲੇਸ਼ਣ ਕਰਨਾ ਅਤੇ ਮਹੱਤਵ ਪਹਿਚਾਨਣਾ ਅਤਿ ਜ਼ਰੂਰੀ ਹੈ।

**ਹਵਾਲੇ ਤੇ ਟਿਪਣੀਆਂ:**


1) ਗੁਰੂ ਗ੍ਰੰਥ ਕੋਸ਼, ਪੰਨਾ 302
2) ਮਹਾਨ ਕੋਸ਼, ਪੰਨਾ 441
3) ਭਾਈ ਵੀਰ ਸਿੰਘ, ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ (ਪੋਥੀ ਪਹਿਲੀ) ਪੰਨਾ 182
4) ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ (ਪੋਥੀ ਪਹਿਲੀ) ਪੰਨਾ 74
5) ਨਿਬੰਧ ਸੰਗੀਤ, ਪੰਨਾ 557-58
6) ਮਹਾਨ ਕੋਸ਼, ਪੰਨਾ 502
7) ਮਹਾਨ ਕੋਸ਼ ਪੰਨਾ 502
8) ਸਾਹਿਬ ਸਿੰਘ (ਪ੍ਰੋ.) ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪੋਥੀ ਛੇਵੀਂ) ਪੰਨਾ 229


***ਸਰਕਾਰੀ ਕਾਲਜ ਰੋਪੜ**



# ਕੀਰਤਨਕਾਰ ਭਾਈ ਦਲ ਸਿੰਘ ਲਸਾੜਾ ਵਾਲੇ

**ਬਲਬੀਰ ਸਿੰਘ ਕੰਵਲ (ਲੰਡਨ)**

19 ਵੀਂ ਸਦੀ ਵਿਚ ਪੰਜਾਬ ਦੀ ਪਵਿੱਤਰ ਧਰਤੀ ਨੇ ਕੁਝ ਬੜੇ-ਬੜੇ ਪ੍ਰਬੀਨ ਬੰਦਸ਼ਕਾਰਾਂ (ਬ੍ਰਜ ਭਾਸ਼ਾ ਵਿਚ ਸੰਗੀਤ ਸਬੰਧੀ ਰਾਗ ਰਾਗਨੀਆਂ ਦੀ ਸ਼ਾਇਰੀ ਕਰਨ ਵਾਲੇ ਜਿਵੇਂ ਕਿ ਮੌਲਾ ਦਾਦ ਖਾਂ ਤਲਵੰਡੀ ਘਰਾਟਾ, ਅੱਲਾ ਦੀਆ ਖਾਂ ਮਿਹਰਬਾਨ ਅੰਮ੍ਰਿਤਸਰ ਵਾਲੇ (ਪ੍ਰਸਿੱਧ ਉਸਤਾਦ ਆਸ਼ਕ ਅਲੀ ਖਾਂ ਮਾਮਾ), ਬੂਟੇ ਖਾਂ, ਪ੍ਰੀਤਮ ਸ਼ਿਆਮ ਗੜ੍ਹਸ਼ੰਕਰ ਵਾਲੇ, ਮੌਲਾ ਬਖਸ਼ ਉਰਫ ਡੁੱਡਾ ਜਾਡਲਾ ਵਾਲੇ, ਸਵਾਮੀ ਹਰਿਵਲਭ, ਪੰਡਿਤ ਤੋਲੋ ਰਾਮ, ਪੰਡਿਤ ਨਾਥ ਰਾਮ ਬਟਾਲਾ, ਹਕੀਮ ਚਾਨਣ ਰਾਮ ਚਰਨ ਕਵੀ ਪਟਿਆਲਾ, ਪ੍ਰੋ: ਦਰਸ਼ਨ ਸਿੰਘ ਕੋਮਲ, ਭਾਈ ਬਤਨ ਸਿੰਘ ਮੇਹਲੀ ਅਤੇ ਭਾਈ ਦਲ ਸਿੰਘ ਲਸਾੜਾ ਆਦਿ ਪੈਦਾ ਕੀਤੇ ਹਨ, ਜਿਨ੍ਹਾਂ ਦਾ ਕੋਈ ਮੁਕਾਬਲਾ ਹੀ ਨਹੀਂ ਸੀ। ਅੱਜ ਅਸੀਂ ਭਾਈ ਦਲ ਸਿੰਘ ਲਸਾੜਾ ਬਾਰੇ ਲਿਖਣ ਜਾ ਰਹੇ ਹਾਂ। ਜਿਹੜੇ ਭਾਈ ਬਤਨ ਸਿੰਘ ਮੇਹਲੀ ਵਾਲਿਆਂ ਦੇ ਗੁਰਭਾਈ ਸਨ। ਕੁਦਰਤ-ਵਸ ਇਹ ਦੋਵੇਂ ਜਿਥੇ ਬਹੁਤ ਵੱਡੇ ਗੁਣੀ ਰਾਗੀ ਸਨ, ਉਥੇ ਆਪਣੇ ਸਮਿਆਂ ਦੇ ਸਾਂਰਦੇ ਦੇ ਬੜੇ ਵੱਡੇ ਵਜੰਤਰੀ ਵੀ ਸਨ।

ਗੁਰਮੀਤ ਸੰਗੀਤ ਦੇ ਸਾਜ਼ਾਂ 'ਚ ਪ੍ਰਮੁੱਖ ਰੂਪ ਵਿਚ ਉਂਜ ਤਾਂ ਰਬਾਬ ਹੀ ਹੈ ਪਰ ਨਾਲ-ਨਾਲ ਸਾਰੰਦਾ ਅਤੇ ਤਾਊਸ/ਦਿਲਰੁਬਾ ਆਦਿ ਦੀ ਅਹਿਮੀਅਤ ਵੀ ਕਿਸੇ ਤਰ੍ਹਾਂ ਘੱਟ ਨਹੀਂ। ਇਹ ਦੋਵੇਂ ਸਾਜ਼ ਸਾਰੰਗੀ ਦੇ ਬਦਲ ਵਜੋਂ ਲਏ ਗਏ ਸਨ। ਕੌਣ ਨਹੀਂ ਜਾਣਦਾ ਕਿ ਸਾਡੇ ਗੁਰੂ ਸਾਹਿਬਾਨ ਨੇ ਸਾਰੰਗੀ ਸਾਜ਼ ਨੂੰ ਜਿਹੜਾ ਕੋਠੇ ਵਾਲੀਆਂ ਤ੍ਰੀਮਤਾਂ ਦੇ ਨਾਚ ਗਾਣੇ ਨਾਲ ਵੱਜਣ ਕਾਰਨ ਬਦਨਾਮ ਹੋ ਚੁੱਕਾ ਸੀ, ਨੂੰ ਰੱਦ ਕਰ ਦਿੱਤਾ ਸੀ। ਸਾਡੇ ਸਿੱਖ ਰਾਗੀਆਂ ਨੇ ਤਾਊਸ ਨੂੰ ਕਾਫੀ ਤਰਜੀਹ ਦਿੱਤੀ, ਜਿਸ ਕਾਰਨ ਮਹੰਤ ਗੱਜਾ ਸਿੰਘ (ਜਿਨ੍ਹਾਂ ਦਾ ਇਕ ਛੋਟਾ ਸਾਰੰਦਾ ਡਾ ਰਾਜਾ ਮ੍ਰਿਗੇਂਦ ਸਿੰਘ ਆਫ ਪਟਿਆਲਾ ਪਾਸ ਸੁਰੱਖਿਅਤ ਹੈ। ਭਾਈ ਜਵਾਲਾ ਸਿੰਘ, ਚਤਰ ਸਿੰਘ, ਮਨਸਾ ਸਿੰਘ ਪਟਿਆਲਾ ਵਾਲੇ, ਭਾਈ ਸਮੁੰਦ ਸਿੰਘ ਅਤੇ ਭਾਈ ਧਰਮ ਸਿੰਘ ਜ਼ਖਮੀ ਮਾਣਕੇ ਘੜਿਆਲ ਵਾਲੇ, ਇਸ ਨਾਲ ਹੀ ਕੀਰਤਨ ਕਰਦੇ ਰਹੇ। ਸਾਰੰਦੇ ਨੂੰ ਸਿੱਖਾਂ ਨੇ ਵਜਾਇਆ ਤਾਂ ਜ਼ਰੂਰ, ਖਾਸ ਕਰਕੇ ਸੰਤ ਬਾਬਾ ਸ਼ਾਮ ਸਿੰਘ ਅਡਨਸ਼ਾਹੀ ਨੇ ਇਸ ਨੂੰ ਸਿਖਰਾਂ ਤੱਕ ਪਹੁੰਚਾ ਦਿੱਤਾ ਪਰ ਅਫਸੋਸ ਕਿ ਉਨ੍ਹਾਂ ਇਸ ਵੱਲ ਏਨਾ ਧਿਆਨ ਨਹੀਂ ਦਿੱਤਾ, ਜਿਸ ਦਾ ਇਹ ਹੱਕਦਾਰ ਸੀ। ਇਸ ਦਾ ਕਾਰਨ ਇਸ ਦੀ ਔਖੀ ਵਜੰਤ ਹੋ ਸਕਦਾ ਹੈ, ਕਿਉਂਕਿ ਤਾਊਸ ਬੰਦਾਂ ਵਾਲਾ ਹੁੰਦਾ ਹੈ ਅਤੇ ਸਾਰੰਦਾ ਬਿਨਾਂ ਸਾਰਾਂ ਜਾਂ ਬੰਦਾਂ ਤੋਂ, ਇਸ ਲਈ ਸੁਰਾਂ ਦਾ ਅੰਦਾਜ਼ਾ ਲਾਉਣਾ ਔਖਾ ਹੁੰਦਾ ਹੈ। ਇਸ ਲਈ ਇਸ ਔਖੇ ਸ਼ਾਜ ਨੂੰ ਹੱਥ ਪਾਉਣਾ ਕਿਸੇ ਮਾਈ ਦੇ ਲਾਲ ਦਾ ਹੀ ਕੰਮ ਸੀ। ਫਖਰ ਵਾਲੀ ਗੱਲ ਹੈ ਕਿ ਦਾਉਧਰ ਟਕਸਾਲ ਦੇ ਪ੍ਰਸਿੱਧ ਸੰਤ ਬਾਬਾ ਮੰਗਲ ਸਿੰਘ ਤੋ ਬਾਅਦ ਜੇਕਰ ਕਿਸੇ ਨੇ ਇਸ ਸਾਜ ਦੀ ਆਵਾਜ਼ ਨੂੰ ਜੀਵਤ ਰੱਖਿਆ ਤਾਂ ਉਹ ਸਨ ਭਾਈ ਬਤਨ ਸਿੰਘ ਅਤੇ ਭਾਈ ਦਲ ਸਿੰਘ ਲਸਾੜਾ, ਜਿਨ੍ਹਾਂ ਬਾਰੇ ਪੰਜਾਬ ਦੀ ਇਕ ਵੱਡੀ ਸੰਗੀਤ ਹਸਤੀ ਉਸਤਾਦ ਕਰਮ ਸਿੰਘ ਚੱਕਰਵਰਤੀ ਇਹ ਗੱਲ ਅਕਸਰ ਕਿਹਾ ਕਰਦੇ ਸਨ ਕਿ ਉਹ ਦੋਵੇਂ ਹੀ ਧਰੁਪਦ ਧਮਾਰ ਅੰਗ 'ਚ ਗਾਉਣ ਵਾਲੇ ਬੜੇ ਵੱਡੇ ਵਿਅਕਤੀ ਸਨ।

ਆਪ ਦਾ ਜਨਮ ਮਾਹਲ ਗਾਹਿਲਾਂ (ਸ਼ਹੀਦ ਭਗਤ ਸਿੰਘ ਨਗਰ) ਵਿਖੇ 1890 ਈ: ਦੇ ਨੇੜੇ-ਤੇੜੇ ਹੋਇਆ। ਕਿਉਂਕਿ ਆਪ ਨੇਤਰਹੀਣ ਸਨ, ਇਸ ਲਈ ਮਾਪਿਆਂ ਨੇ ਵਿੱਦਿਆ ਦੇ ਪ੍ਰਸਿੱਧ ਕੀਰਤਨ ਸਿਖਲਾਈ ਕੇਂਦਰ ਅਰਥਾਤ ਦਾਉਧਰ ਟਕਸਾਲ ਵਿਚ ਦਾਖਲ ਕਰਵਾ ਦਿੱਤਾ। ਮਾਲਵੇ ਦੀ ਇਸ ਪ੍ਰਸਿੱਧ ਟਕਸਾਲ ਨੂੰ ਲੋਕੀਂ ਪੇਂਡੂ ਲਹਿਜੇ 'ਚ ਠਾਕਰਾਂ ਦਾ ਡੇਰਾ ਕਹਿੰਦੇ ਸਨ ਅਤੇ ਇਹ ਅੰਨ੍ਹਿਆਂ ਦਾ ਡੇਰਾ ਕਰਕੇ ਹੀ ਵੱਜਦਾ ਸੀ। ਉਨ੍ਹਾਂ ਨੇ ਆਪਣੀ ਤਾਲੀਮ ਭਾਈ ਸੇਵਾ ਸਿੰਘ ਗੁਰੂਸਰ ਵਾਲਿਆ ਤੋਂ ਪ੍ਰਾਪਤ ਕੀਤੀ। ਦਿਮਾਗ ਤੇਜ਼ ਸੀ, ਦਿਲ ਵਿਚ ਸੰਗੀਤ ਕਲਾ ਵਿਚ ਨਾਂਅ ਜੱਸ ਖੱਟਣ ਦਾ ਝੱਲ ਵੀ ਸੀ, ਇਸ ਲਈ ਕੁਝ ਸਾਲਾਂ ਦੀ ਤਪ ਸਾਧਨਾ ਦੁਆਰਾ ਆਪ ਬੜਾ ਸੁਰੀਲਾ ਗਾਉਣ ਲੱਗ ਪਏ ਸਨ, ਨਾਲ ਸਾਰੰਦਾ ਵਜਾਉਂਦੇ ਤਾ ਲੋਕਾਂ ਦੇ ਦਿਲਾਂ ਨੂੰ ਅਨੋਖੀ ਜਿਹੀ ਧੂਹ ਪੈਂਦੀ ਅਤੇ ਸਰੋਤੇ ਪਰਮ ਵਿਸਮਾਦ ਵਿਚ ਗੋਤੇ ਖਾਣ ਲਗ ਪੈਂਦੇ ਸਨ। ਆਪ ਕਈ ਵਰ੍ਹੇ ਇਸੇ ਟਕਸਾਲ ਵਿਚ ਹੀ ਰਹਿੰਦੇ ਰਹੇ ਅਤੇ ਫਿਰ ਇਕ ਸਮਾਂ ਅਜਿਹਾ ਵੀ ਆਇਆ ਜਦੋਂ ਆਪ ਇਥੋਂ ਦੇ ਪ੍ਰਿੰਸੀਪਲ ਬਣ ਗਏ ਸਨ। ਆਪ ਨੇ ਉਸ ਸਮੇ ਦੇ ਕੁਝ ਵੱਡੇ ਰਾਗ ਦਰਬਾਰਾਂ ਵਿਚ ਭਾਗ ਲਿਆ ਅਤੇ ਬਹੁਤੀ ਥਾਈਂ ਆਪਣੀ ਅਮਿਟ ਛਾਪ ਛੱਡੀ। ਉਨ੍ਹਾਂ ਬਾਰੇ ਗਿਆਨੀ ਗੁਰਮੀਤ ਸਿੰਘ ਗੌਰਵ ਨੇ ਜਿਕਰ ਕਰਦਿਆਂ ਲੇਖਕ ਨੂੰ ਕਿ ਕਿਧਰੇ ਕੋਈ ਵੱਡਾ ਰਾਗ ਦਰਬਾਰ ਹੋ ਰਿਹਾ ਸੀ, ਜਿਸ ਵਿਚ ਭਾਗ ਲੈਣ ਲਈ ਦੇਸ਼ ਭਾਰ 'ਚੋਂ ਚੋਟੀ ਦੇ ਅਨੇਕ ਰਾਗੀ-ਰਬਾਬੀ ਆਏ ਹੋਏ ਸਨ। ਭਰੇ ਇੱਕਠ ਵਿਚ ਰਾਗੀਆਂ ਨੂੰ ਸੰਬੋਧਨ ਹੁੰਦਿਆਂ ਆਪ ਕਹਿਣ ਲੱਗੇ, ਉਹ ਭਾਈ

ਸੁਆਦ ਤਾਂ ਹੈ ਜੇਕਰ ਅੱਜ ਕੋਈ ਸਾਨੂੰ ਰਾਗ ਸ਼ੁੱਧ ਬਸੰਤ ਗਾ ਕੇ ਸੁਣਾਵੇ। (ਉਨ੍ਹਾਂ ਦੀ ਗੱਲ ਸੁਣ ਕੇ ਸਭ ਇਕ-ਦੂਜੇ ਵੱਲ ਦੇਖ ਕਹਿਣ ਲੱਗੇ, 'ਬੰਸਤ ਤਾਂ ਹੋਇਆ, ਭਲਾ ਸ਼ੁੱਧ ਬਸੰਤ ਕੀ ਹੋਇਆ ? ਉਹਦਾ ਪ੍ਰਮਾਣ ਕੀ ਹੋਵੇ?

'ਉਹ ਭਾਈ, ਇਹੋਂ ਕਿ ਸਰੋਤਿਆਂ ਦੇ ਸਿਰਾਂ 'ਤੇ ਬੱਧੀਆਂ ਚਿੱਟੀਆਂ ਸਫੈਦ ਦਸਤਾਰਾਂ ਬਸ਼ੰਤੀ ਰੰਗ ਦੀਆਂ ਦਿਸਣ ਅਤੇ ਬਨਸਪਤੀ ਦੇ ਫੁੱਲ ਵੀ ਰੰਗ ਨ੍ਰਿਤ ਕਰਦਾ ਦਿਖਾਈ ਦੇਵੇ।' ਉਨ੍ਹਾ ਦੇ ਸਹਿਜੇ ਵਿਚ ਵੰਗਾਰ ਝਲਕ ਰਹੀ ਸੀ, ਸਭ ਚੁੱਪ ਸਨ। ਜਦ ਨੂੰ ਆਪ ਨੇ ਰਾਗ ਗਾਉਣਾ ਸ਼ੁਰੂ ਕਰ ਦਿੱਤਾ।ਹੌਲੀ-ਹੌਲੀ ਰਾਗ ਨੇ ਆਪਣਾ ਅਸਰ ਛੱਡਣਾ ਸ਼ੁਰੂ ਕਰ ਦਿੱਤਾ ਸੀ। ਧਰਤੀ ਆਕਾਸ਼ ਤਾਂ ਪਹਿਲਾਂ ਹੀ ਮੌਲੇ ਪਏ ਸਨ, ਹੁਣ ਸਰੋਤਿਆਂ ਦੇ ਮਨ ਵੀ ਮੌਲ ਪਏ ਸਨ ਅਤੇ ਬਸੰਤੀ ਰੰਗ ਵਿਚ ਰੰਗ ਗਏ। ਹਰ ਪਾਸੇ ਬਸੰਤੀ ਰੰਗ ਖਿੰਡਿਆ ਜਾਪ ਰਿਹਾ ਸੀ। ਯਾਦ ਆਇਆ ਕਿ ਇਕ ਵਾਰ ਸਿੱਖ ਰਾਜ ਸਮੇਂ ਦੇ ਇਕ ਰਾਗੀ ਭਾਈ ਪ੍ਰੇਮ ਸਿੰਘ ਨੇ ਕਿਲ੍ਹਾ ਅਨੰਦਗੜ੍ਹ ਸਾਹਿਬ ਜਦੋਂ ਬਸੰਤ ਰਾਗ ਗਾਇਆ ਸੀ ਤਾਂ ਸਰੋਤਿਆਂ ਨੂੰ ਐਨ ਇਸੇ ਤਰ੍ਹਾਂ ਇਕ-ਦੂਜੇ ਦੇ ਬਸਤਰਾਂ ਦਾ ਰੰਗ ਇਸ ਤਰ੍ਹਾਂ ਜਾਪ ਰਿਹਾ ਸੀ ਜਿਵੇਂ ਬਸੰਤ ਰੁੱਤ ਵਿਚ ਫੁੱਲਾਂ ਦੇ ਰੰਗ ਖਿੜੇ ਹੋਏ ਹੋਣ। ਬਤੌਰ 'ਵਾਗੇਅਕਾਰ' ਭਾਈ ਦਲ ਸਿੰਘ ਨੇ ਕੋਈ ਦੋ ਸੌ ਦੇ ਕਰੀਬ ਬੰਦਸ਼ਾਂ ਤਿਆਰ ਕੀਤੀਆਂ ਸਨ, ਜਿਹੜੀਆਂ ਅਤਿ ਮਿੱਠੀਆ ਹਨ। ਉਨ੍ਹਾਂ ਵਿਚੋਂ ਸਾਡੇ ਪਾਸ ਕੁਝ ਹਨ। ਉਨ੍ਹਾਂ ਦੀ ਬਿਲਾਵਨ ਦੀ ਚੀਜ਼ ਦਾ ਇਕ ਨਮੂਨਾ ਦੇਖੋ-

ਸੁਨ ਰੀ ਸ਼ੁਨ ਕਾਮ ਕੰਵਰ ਕੇ, ਤੇਰੋ ਸੁਤ ਚਪਲ ਕਹਾਵੇ।
ਜਮਨਾ ਕੇ ਤਟ, ਬਾਂਸੀ ਵੱਟ, ਨਟ ਖਟ, ਮਟਕੀ ਪਟਕ ਦੁੱਧ ਸਟਕ ਕਰੇ। ਸੁਨ ਰੀ......
ਵਾਟ ਘਾਟ ਮੋਹੇ ਰੋਕਤ ਟੋਕਤ,
ਕੋਨ ਨਗਰ ਕੀ ਰੀਤ ਕਹੋ ਰੀ?
ਦਿਵਸ ਰੈਨ ਜਹਾਂ ਲਾਜ ਵਿਕਤ,
ਤਬ ਐਸੇ ਨਗਰ ਮੇਂ ਕੌਨ ਰਹੇ? ਸੁਨ ਰੀ......

ਇਸ ਬੰਦਸ਼ ਵਿਚ ਸ਼ਬਦਾਂ ਦੀ ਛਣਕਾਰ, ਤਟ, ਵਟ, ਨਟ, ਖਟ, ਪਟਕ ਸਟਕ, ਚੀਜ਼ ਨੂੰ ਹੋਰ ਵੀ ਕਰਾਰਾ ਅਤੇ ਸੁਆਦ ਕਰ ਦਿੰਦੀ ਹੈ। ਉਨ੍ਹਾਂ ਦੀ ਇਕ ਪਰਜ ਤਿੰਨ ਤਾਲ ਦਾ ਨਮੂਨਾ ਇਸ ਪ੍ਰਕਾਰ ਹੈ-

ਕੈਸੇ ਆਊਂ ਮੈਂ ਰਾਜਾ, ਪੀਆ ਤੁਮਰੇ ਪਾਸ?
ਦਰਾਨੀਆਂ ਜਠਾਨੀਆਂ, ਪੜੋਸਣ ਜਾਗੀ,
ਸਰੇ ਨਨਦ ਮੇਰੀ ਬੈਰਨ ਸਾਸ।

ਸੋਲਾਂ ਸੀਗਾਰ ਬੱਤੀ ਆਭਰਨ ਕਰ ਕੇ-ਮੈਂ ਹੋ ਗਈ ਤਿਆਰ, ਪਰ ਆ ਗਈ ਸਾਸ।

ਆਪ ਨੇ ਇਕ ਬਾਰਾਂ-ਮਾਂਹਾ ਵੀ ਲਿਖਿਆ ਸੀ, ਜਿਸ ਦੀ ਕਿਧਰੋਂ ਕੋਈ ਕਾਪੀ ਨਹੀਂ ਮਿਲਦੀ। ਉਸ ਵਿਚੋਂ ਕੁਝ ਤੁਕਾਂ ਉਨ੍ਹਾਂ ਦਾ ਇਕ ਸੇਵਦਾਰ ਸ਼ਾਗਿਰਦ ਸ਼ਰਧਾ ਸਿੰਘ ਲੋਰ ਵਿਚ ਆ ਕੇ ਕਦੇ-ਕਦੇ ਗਾ ਕੇ ਸੁਣਾਉਂਦਾ ਹੁੰਦਾ ਸੀ। ਆਪ ਨੇ ਆਪਣੀ ਇਕ ਹੋਰ ਸ਼ਾਗਿਰਦ ਹੁਸੈਨੀ ਫਗਵਾੜੇ ਵਾਲੀ ਨੂੰ ਬੜੀ ਤਨਦੇਹੀ ਨਾਲ ਸੰਗੀਤ ਸਿੱਖਿਆਂ ਦਿੱਤੀ ਸੀ, ਜਿਹੜੀ ਪਿੱਛੋਂ ਰਿਆਸਤ ਕੂਟਾ ਬੂੰਦੀ ਦੀ ਦਰਬਾਰੀ ਗਾਇਕਾ ਨਿਯੁਕਤ ਹੋ ਗਈ ਸੀ। ਭੁੱਲਾਰਾਈ ਵਾਲੇ ਭਗਤ ਸਿੰਘ ਵੀ ਆਪ ਦੇ ਸ਼ਾਗਿਰਦ ਸਨ। ਆਪ ਆਪਣੀ ਉਮਰ ਦੇ ਅਖੀਰਲੇ ਹਿੱਸੇ ਵਿਚ ਆਪਣੇ ਪਿੰਡ ਦੇ ਡੇਰੇ, ਜਿਥੇ ਇਕ ਬੜੀ ਰਮਣੀਕ ਕੁਟੀਆ ਬਣੀ ਹੋਈ ਸੀ, ਵਿਚ ਰਹਿਣ ਲੱਗ ਪਏ ਸਨ। ਇਸ ਥਾਂ ਹਰ ਵੇਲੇ ਲੋਹ ਲੰਗਰ ਚਲਦਾ ਰਹਿੰਦਾ ਸੀ, ਰੌਣਕਾ ਲੱਗੀਆਂ ਰਹਿੰਦੀਆਂ ਸਨ।

ਆਪ ਚੜ੍ਹਾਈ ਕਰਨ ਤੋਂ ਬਾਅਦ ਆਪਣੇ ਪਿੱਛੇ ਆਪਣੀ ਜਾਨ ਤੋਂ ਵੀ ਪਿਆਰਾ ਆਪਣਾ ਸਾਰੰਦਾ ਛੱਡ ਗਏ ਸਨ, ਜਿਹੜਾ 1991 ਵਿਚ ਗਿਆਨੀ ਗੁਰਦੇਵ ਸਿੰਘ ਗੌਰਵ ਨੇ ਪਿੰਡ ਦੇ ਡੇਰੇ ਤੋਂ ਲਿਆ ਕੇ ਜਵੱਦੀ ਟਕਸਾਲ ਲੁਧਿਆਣਾ ਵਾਲੇ ਸੰਤ-ਮਹਾਂਪੁਰਖਾਂ ਨੂੰ ਭੇਟ ਕਰ ਦਿੱਤਾ ਸੀ। ਪਰ ਹੁਣ ਕਿਥੇ ਹੈ? ਰੱਬ ਜਾਣੇ। ਕਈ ਵਾਰ ਚਿੰਤਾਗ੍ਰਸ ਸੋਚਦਾ ਰਹਿੰਦਾ ਹਾਂ ਕਿ ਸਾਡੀ ਕੌਮ ਆਪਣੇ ਐਨੇ ਅਮੀਰ ਵਿਰਸੇ ਦੀਆਂ ਦੁਰਲੱਭ ਵਿਰਾਸਤੀ ਵਸਤਾਂ ਪ੍ਰਤੀ ਕਦੋਂ ਜਾਗੂਰਕ ਹੋਵੇਗੀ ? ਦਾਉਧਰ ਟਕਸਾਲ ਵਾਲੇ ਸੰਤ-ਮਹਾਂਪੁਰਖ ਮੰਗਲ ਸਿੰਘ ਦਾ ਸਾਰੰਦਾ ਜਿਹੜਾ ਕਦੇ ਫਰੀਦਕੋਟ ਮਿਊਜੀਅਮ ਵਿਚ ਹੁੰਦਾ ਸੀ, ਅਸੀ ਪਹਿਲਾਂ ਹੀ ਕਿਧਰੇ ਗੁਆ ਚੁੱਕੇ ਹਾਂ। ਭਾਈ ਦਲ ਸਿੰਘ ਦੇ ਗੁਰਭਾਈ ਬਤਨ ਸਿੰਘ ਮੇਹਲੀ ਵਾਲਿਆਂ ਦਾ ਸਾਰੰਦਾ ਜਿਸ ਨੂੰ ਉਹ ਠੀਕ ਕਰਵਾਉਣ ਵਾਸਤੇ ਫਗਵਾੜੇ ਵਾਲੇ ਪ੍ਰਸਿੱਧ ਸਾਜ਼ਕਾਰ ਭਾਈ ਨੰਦ ਲਾਲ ਨੂੰ ਦੇ ਆਏ ਸਨ, ਦੋ ਸੌ ਰੁਪਿਆ ਲੱਗਣਾ ਸੀ, ਜਿਹੜਾ ਉਹ ਪੈਸੇ ਦੀ ਥੁੜ ਕਾਰਨ ਨਹੀਂ ਸੀ ਬਣਵਾਂ ਸਕੇ। ਉਥੇ ਉਹ ਫਿਰ

ਕਈ ਸਾਲ ਰੁਲਦਾ ਰਿਹਾ। ਹਾਰ ਕੇ ਕਾਰੀਗਰ ਦੇ ਪਰਿਵਾਰ ਨੇ ਉਸ ਨੂੰ ਐਂਵੇ ਫਜ਼ੂਲ, ਵਾਧੂ ਜਿਹੀ ਚੀਜ਼ ਸਮਝ ਕੇ ਚੁੱਲ੍ਹੇ ਦੀ ਅੱਗ ਵਿਚ ਝੋਕ ਦਿੱਤਾ ਸੀ-ਭੰਗ ਦੇ ਭਾੜੇ ਗਿਆ ਆਇਆ ਤੇ ਅੱਜ ਅਸੀ 20 ਵੀਂ ਸਦੀ ਦੇ ਮਹਾਨ ਸਾਰੰਦਾ ਨਵਾਜ਼ ਦਾ ਸਾਰੰਦਾ?? ਉਫ! ਰੱਬ ਖੈਰ ਕਰੇ।

Email-balbirkanwal@hotmail.com

---

# ਰਬਾਬ ਦੀਆਂ ਤਰਬਾਂ

**ਵਰਿੰਦਰ ਵਾਲੀਆ**

'ਧੁਰ ਕੀ ਬਾਣੀ' ਨਾਜ਼ਲ ਹੁੰਦੀ ਤਾਂ ਭਾਈ ਮਰਦਾਨੇ ਦੀ ਰਬਾਬ ਦੀਆਂ ਤਰਬਾਂ ਹੁੰਗਾਰ ਭਰਨ ਲੱਗਦੀਆਂ ਸਨ। ਇਸ ਜੁਗਲਬੰਦੀ ਨਾਲ ਸਾਰੀ ਕਾਇਨਾਤ ਨਸ਼ਿਆ ਜਾਂਦੀ ਸੀ। ਰਬਾਬ ਅਤੇ ਰਬਾਬੀਆਂ ਦੇ ਜ਼ਿਕਰ ਬਿਨਾਂ ਸਿੱਖ ਧਰਮ ਅਧੂਰਾ ਲੱਗਦਾ ਹੈ। ਦਸ ਸਾਲ ਵੱਡਾ ਹੋਣ ਦੇ ਬਾਵਜੂਦ ਭਾਈ ਮਰਦਾਨਾ, ਗੁਰੂ ਨਾਨਕ ਦੇਵ ਜੀ ਨੂੰ ਆਪਣਾ ਮੁਰਸ਼ਦ ਮੰਨਦੇ ਸਨ। ਦੋਵਾਂ ਦਾ ਜਨਮ ਅਸਥਾਨ ਰਾਇ ਭੋਇ ਦੀ ਤਲਵੰਡੀ ਸੀ, ਜਿਸ ਨੂੰ ਅੱਜਕੱਲ੍ਹ ਨਨਕਾਣਾ ਸਾਹਿਬ ਕਿਹਾ ਜਾਂਦਾ ਹੈ। ਉਦਾਸੀਆਂ ਵੇਲੇ ਵੀ ਭਾਈ ਮਰਦਾਨਾ ਆਪਣੇ ਗੁਰੂ ਦਾ ਸਾਏ ਵਾਂਗ ਸਾਥ ਨਿਭਾਉਂਦੇ ਰਹੇ। ਕੋਈ ਰਮਣੀਕ ਜਗ੍ਹਾ ਲੱਭਦੀ ਤਾਂ ਭਾਈ ਮਰਦਾਨਾ ਸਾਫ਼ਾ ਵਿਛਾ ਕੇ ਗੋਡੇ ਟੇਕ ਦਿੰਦਾ। ਇਲਾਹੀ ਬਾਣੀ ਦਾ ਅਲਾਪ ਕੰਨੀ ਪੈਂਦਿਆਂ ਉਸ ਦੇ ਪੋਟੇ ਤੰਤੀ ਸਾਜ਼ 'ਤੇ ਚੱਲਣ ਲੱਗਦੇ ਤੇ ਮਾਹੌਲ ਵਿਸਮਾਦੀ ਬਣ ਜਾਂਦਾ। ਬਾਬੇ ਨਾਨਕ ਦਾ ਇੱਕ ਹੋਰ ਗਰਾਈਂ, ਭਾਈ ਬਾਲਾ ਵੀ ਸਦਾ ਉਨ੍ਹਾਂ ਦਾ ਇੱਕ ਸਾਥੀ ਮੁਸਲਮਾਨ ਤੇ ਦੂਜਾ ਹਿੰਦੂ ਧਰਮ ਨਾਲ ਸਬੰਧਤ ਸੀ। ਇਹ ਸਾਂਝੀਵਾਲਤਾ ਦੀ ਅਨੂਠੀ ਮਿਸਾਲ ਸੀ। ਭਾਈ ਬਾਲੇ ਵਾਲੀ ਜਨਮ ਸਾਖੀ ਵਿੱਚ ਗੁਰੂ ਨਾਨਕ ਦੇਵ ਦੇ ਬਚਪਨ ਦੇ ਇਸ ਸਾਥੀ ਦਾ ਜ਼ਿਕਰ ਜਰੂਰ ਹੈ। ਪਰ ਬਾਅਦ ਵਿੱਚ ਕੁਝ ਇਤਿਹਾਸਕਾਰਾਂ ਨੇ ਉਸ ਦੀ ਹੋਂਦ ਨੂੰ 'ਕਲਪਿਤ' ਮੰਨਿਆ ਹੈ। ਗੁਰੂ ਨਾਨਕ ਦੇਵ ਜੀ ਦੀਆਂ ਪੁਰਾਣੀਆ ਤਸਵੀਰਾਂ ਵਿੱਚ ਬਾਲਾ ਅਤੇ ਮਰਦਾਨਾ ਉਨ੍ਹਾਂ ਦੇ ਨਾਲ ਸਨ। ਬਾਦ ਵਿੱਚ ਭਾਈ ਬਾਲਾ (1466–1544 ਈਸਵੀਂ) ਸਿੱਖ ਇਤਿਹਾਸ ਵਿੱਚੋਂ ਅਚਾਨਕ 'ਮਨਫ਼ੀ' ਹੋ ਗਿਆ। ਭਾਈ ਮਰਦਾਨੇ ਕੇ ਆਪਣੇ ਪੁਰਖਿਆਂ ਦੀ ਬਖ਼ਸ਼ੀ ਰਬਾਬ ਸੱਚਖੰਡ ਦਰਬਾਰ ਸਾਹਿਬ ਅੰਮ੍ਰਿਤਸਰ ਵਿੱਚ ਵਜਾਉਣ ਨੂੰ ਤਰਸਣ ਲੱਗੇ। ਦੇਸ਼ ਦੀ ਵੰਡ ਤੋਂ ਬਾਅਦ ਹਰਿਮੰਦਰ ਸਾਹਿਬ ਨਜ਼ਦੀਕ ਰਬਾਬੀਆਂ ਦੀ ਗਲੀ ਸੁੰਨੀ ਹੋ ਗਈ। ਭਾਈ ਮਰਦਾਨੇ ਦੇ ਵੰਸ਼ ਵਿੱਚੋਂ ਭਾਈ ਲਾਲ, ਜਦੋਂ ਵੀ ਸਰਹੱਦ ਪਾਰ ਕਰਦੇ, ਉਨ੍ਹਾਂ ਦੀਆਂ ਅੱਖਾਂ ਸੱਚਖੰਡ 'ਤੇ ਟਿਕ ਜਾਂਦੀਆਂ ਜਿੱਥੇ ਕਦੇ ਉਨ੍ਹਾਂ ਦੇ ਪੁਰਖੇ ਗੁਰੂ ਸਾਹਿਬਾਨ ਦੇ ਸਨਮੁੱਖ ਰਬਾਬ ਦੀਆਂ ਤੰਦਾਂ ਛੇੜ ਕੇ ਇਲਾਹੀ ਬਾਣੀ ਦਾ ਕੀਰਤਨ ਕਰਿਆ ਕਰਦੇ ਸਨ। ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਵਿੱਚ ਤਾਂ ਮਰਦਾਨੇ ਕੇ ਅੱਜ ਵੀ ਕੀਰਤਨ ਕਰਦੇ ਹਨ। ਖ਼ੈਰ, ਭਾਈ ਲਾਲ ਇਹ ਹਸਰਤ ਦਿਲ ਵਿੱਚ ਲੈ ਕੇ ਅੱਲ੍ਹਾ ਨੂੰ ਪਿਆਰੇ ਹੋ ਗਏ। ਮਰਿਆਦਾ ਦੀਆਂ ਉੱਚੀਆਂ ਕੰਧਾਂ ਅਜੇ ਵੀ ਜਿਉਂ ਦੀਆਂ ਤਿਉਂ ਖੜੀਆਂ ਹਨ। ਭਾਈ ਮਰਦਾਨਾ ਅਤੇ ਉਨ੍ਹਾਂ ਦਾ ਵੰਸ਼ ਗੁਰਮਤਿ ਸੰਗੀਤ ਦੇ ਅਨਮੋਲ ਰਤਨ ਹਨ ਜਿਨ੍ਹਾਂ ਨੇ ਪੁਸ਼ਤਦਰ ਪੁਸ਼ਤ ਹਿੰਦੁਸਤਾਨੀ ਸ਼ਾਸਤਰੀ ਸੰਗੀਤ ਪੱਧਤੀ ਨੂੰ ਅਧਿਆਤਮਕਤਾ ਦਾ ਚੋਲਾ ਪਹਿਨਾਇਆ। ਧਨੰਤਰ ਕੀਰਤਨੀਆ ਹੋਣ ਤੋਂ ਇਲਾਵਾ ਭਾਈ ਮਰਦਾਨਾ ਸਿੱਖ ਇਤਿਹਾਸ ਵਿੱਚ ਕਿਸੇ ਬਾਤ ਦੇ ਹੁੰਗਾਰੇ ਵਾਂਗ ਵਿਚਰਦਾ ਹੈ। ਗੁਰੂ ਨਾਨਕ ਬਾਰੇ ਲਿਖੀਆਂ ਸਾਖੀਆਂ ਦੀ ਉਹ ਰੂਹੇ-ਰਵਾਂ ਹੈ। ਉਸ ਦੇ ਜ਼ਿਕਰ ਤੋਂ ਬਿਨਾਂ ਸੰਵਾਦ ਰੁਕ ਜਾਦਾ ਹੈ। ਭਾਈ ਮਰਦਾਨੇ ਦੀਆਂ ਸਿੱਧ-ਪੱਧਰੀਆਂ ਗੱਲਾਂ ਵਿੱਚੋਂ ਆਮ ਆਦਮੀ ਦੇ ਦਰਸ਼ਨ ਹੁੰਦੇ ਹਨ। ਉਸ ਵੱਲੋਂ ਕੀਤੇ ਸਵਾਲ ਉਪਦੇਸ਼ ਲਈ ਭੂਮੀ ਤਿਆਰ ਕਰਦੇ ਹਨ। ਉਸ ਨਾਲ ਕਿਸੇ ਕਮਜ਼ੋਰੀ ਜਾਂ ਵਿਕਾਰ ਨੂੰ ਜੋੜਨਾ ਇੱਕ ਮਹਾਨ ਕੀਰਤਨੀਏ ਨਾਲ ਜ਼ਿਆਦਤੀ ਹੈ। ਇਤਿਹਾਸਕਾਰਾਂ ਨੇ ਉਸ ਦੀ ਸਵਾਲ ਕਰਨ ਵਾਲੀ ਤੀਖਣ-ਬੁੱਧੀ ਨੂੰ ਸਮਝਣ ਦੀ ਬਜਾਏ ਉਸ ਬਾਰੇ ਮਨਘੜਤ ਕਹਾਣੀਆਂ ਜੋੜ ਲਈਆਂ।ਦਰਅਸਲ, ਉਸ ਦੀ ਭੁੱਖ, ਪਿਆਸ, ਡਰ ਅਤੇ ਲੋਭ-ਲਾਲਚ ਤੋਂ ਬਿਨਾਂ ਸਾਖੀਆਂ ਵਿੱਚੋਂ ਰਸ ਖ਼ਤਮ ਹੋ ਜਾਵੇਗਾ। ਗੁਰੂ-ਸ਼ਿਸ਼ ਦੇ ਅਜਿਹੇ ਸੰਵਾਦ ਵਿੱਚੋਂ ਹੀ ਉਪਦੇਸ਼ ਦਾ ਮਹਾਤਮ ਸਮਝ ਆਉਂਦਾ ਹੈ। ਉਦਾਹਰਨ ਦੇ ਤੌਰ 'ਤੇ ਮੁਲਤਾਨ ਫੇਰੀ ਦੌਰਾਨ ਗੁਰੂ-ਸ਼ਿਸ਼ ਦਰਮਿਆਨ ਹੋਇਆ ਸੰਵਾਦ ਭਾਈ ਮਰਦਾਨੇ ਦੀ ਭੁੱਖ ਨਹੀਂ ਸਗੋਂ ਕਥਾ ਦੀ ਸਿਖ਼ਰ ਛੋਂਹਦਾ ਹੈ। ਮੁਲਤਾਨ ਦੇ ਪੀਰਾਂ ਨੇ ਜਦੋਂ ਗੁਰੂ ਦੇ ਆਗਮਨ ਬਾਰੇ ਸੁਣਿਆ ਤਾਂ ਉਨ੍ਹਾਂ ਲਈ ਦੁੱਧ ਦਾ ਨੱਕੋ-ਨੱਕ ਭਰਿਆ ਕਟੋਰਾ ਭੇਜਿਆ। ਬਾਬੇ ਨਾਨਕ ਨੇ ਉਸ ਉੱਤੇ ਪਤਾਸੇ ਅਤੇ ਫੁੱਲ ਰੱਖ ਕੇ ਮੋੜ ਦਿੱਤਾ। ਮਰਦਾਨੇ ਨੇ ਆਖਿਆ, "ਜੀ ! ਦੁੱਧ-ਪੁੱਤ ਆਏ ਹੋਏ ਭੀ ਕਦੇ ਕਿਸੇ ਨੇ ਮੋੜੇ ਹਨ? ਤੁਸੀਂ ਮੈਨੂੰ ਹੀ ਦੇ ਛੱਡਦੇ।" ਗੁਰੂ

ਨੇ ਸਮਝਾਇਆ, "ਮਰਦਾਨਿਆ! ਮੁਲਤਾਨੀ ਪੀਰਾਂ ਨੇ ਇਹ ਜਤਾਯਾ ਸੀ ਕਿ ਮੁਲਤਾਨ ਪੀਰਾਂ-ਫ਼ੀਕਰਾਂ ਨਾਲ ਏਸ ਪਯਾਲੇ ਵਾਂਗੂ ਪਹਿਲਾਂ ਹੀ ਭਰਪੂਰ ਹੈ। ਤੁਸੀਂ ਕਿੱਥੇ ਰਹੋਗੇ? ਅਸਾਂ ਪਤਾਸੇ 'ਤੇ ਫੁੱਲ ਰੱਖ ਏਹ ਜਤਾਯਾ ਹੈ ਕਿ ਅਸੀਂ ਤੁਹਾਡੇ ਵਿੱਚ ਮਿੱਠੇ ਬਣ ਕੇ ਫੁੱਲ ਦੀ ਤਰ੍ਹਾਂ ਸਭ ਦੇ ਉੱਪਰ ਰਹਾਂਗੇ।" ਇਹ ਸੁਣ ਮਰਦਾਨੇ ਰਬਾਬ ਵਜਾਯਾ ਤੇ ਬਾਬੇ ਸ਼ਬਦ ਉਠਾਯਾ '........ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈਸਾਣੇ। ਇਹ ਸਾਖੀਆਂ ਕਿਸੇ ਹੋਰ ਭਾਸ਼ਾ ਵਿੱਚ ਹੁੰਦੀਆਂ ਤਾਂ ਵਾਜਬ ਮੁੱਲ ਪੈਣਾ ਸੀ। ਮਰਦਾਨੇ ਦੀ ਸ਼ਖਸੀਅਤ ਹੋਰ ਨਿੱਖਰ ਕੇ ਸਾਹਮਣੇ ਆਉਣੀ ਸੀ। ਕੌਡਾ ਰਾਖ਼ਸ਼, ਮਰਦਾਨੇ ਨੂੰ ਗਰਮ ਤੇਲ ਦੇ ਕੜਾਏ ਵਿਚ ਤਲਣ ਦੀ ਕੋਸ਼ਿਸ਼ ਨਾ ਕਰਦਾ ਤਾਂ ਸਾਖੀ ਨੀਰਸ ਹੁੰਦੀ।ਮਰਦਾਨੇ ਦੀ ਉਹ ਦਲੇਰੀ ਹੀ ਸੀ ਕਿ ਉਹ ਹਰ ਬੁਰੇ-ਚੰਗੇ ਵਕਤ ਆਪਣੇ ਮੁਰਸ਼ਦ ਦੇ ਅੰਗ-ਸੰਗ ਰਿਹਾ ਜਿਸ ਤੋਂ ਉਸ ਦੀ ਸੇਵਾ-ਭਾਵਨਾ, ਨਿਡਰਤਾ, ਬੇਬਾਕੀ ਦੇ ਨਿਰਛਲਤਾ ਤੋਂ ਇਲਾਵਾ ਨਿੱਤ-ਨੇਮੀ ਹੋਣ ਦੀ ਝਲਕ ਮਿਲਦੀ ਹੈ। ਭਾਈ ਮਰਦਾਨੇ ਨੇ ਉਦਾਸੀਆਂ ਵੇਲੇ ਪ੍ਰਾਣ ਤਿਆਗੇ ਅਤੇ ਉਨ੍ਹਾਂ ਦਾ ਅੰਤਿਮ ਸੰਸਕਾਰ ਗੁਰੂ ਨਾਨਕ ਨੇ ਖ਼ੁਦ ਆਪਣੇ ਹੱਥੀਂ ਕੀਤਾ।

ਰੂਹਾਨੀਅਤ ਦੇ ਅਮੁੱਕ ਸੋਮੇ, ਹਰਿਮੰਦਰ ਸਾਹਿਬ ਵਿੱਚ ਅੱਠੇ-ਪਹਿਰ ਰੱਬ ਦੀ ਸਿਫਤ-ਸਲਾਹ ਹੁੰਦੀ ਹੈ। ਰੋਜਮੱਰਾ ਦੀਆਂ ਕੀਰਤਨ ਚੋਕੀਆਂ ਦੌਰਾਨ ਰਾਗੀ ਜਥੇ ਭਾਈ ਸੱਤਾ ਤੇ ਬਲਵੰਡ ਦੀਆਂ ਰਚਨਾਵਾਂ ਵਿੱਚੋਂ ਕੋਈ ਸ਼ਬਦ ਗਾਇਨ ਕਰਦੇ ਹਨ ਤਾਂ ਰੂਹ ਸਰਸ਼ਾਰ ਹੋ ਜਾਂਦੀ ਹੈ। ਹਰਿਮੰਦਰ ਸਾਹਿਬ ਵਿੱਚ ਆਦਿ ਗ੍ਰੰਥ ਦੀ ਸਥਾਪਨਾ ਤੋਂ ਬਾਅਦ ਭਾਈ ਸੱਤਾ ਤੇ ਬਲਵੰਡ ਨੇ ਰਬਾਬ ਦੀਆਂ ਤਰਬਾਂ ਛੇੜ ਕੇ ਇਲਾਹੀ ਬਾਣੀ ਦੇ ਕੀਰਤਨ ਦਾ ਆਗਾਜ਼ ਕੀਤਾ ਸੀ। ਰਬਾਬੀਆਂ ਦੇ ਵੰਸ਼ਜ ਪੁੱਛਦੇ ਹਨ ਕਿ ਉਨ੍ਹਾਂ ਵੱਲੋਂ ਕੀਰਤਨ ਕਰਨ ਨਾਲ ਮਰਿਆਦਾ ਵਿੱਚ ਵਿਘਨ ਪਵੇਗਾ ਜਾਂ ਇਹ ਬਹਾਲ ਹੋਵੇਗੀ? ਰਬਾਬੀ ਸੱਚਖੰਡ ਦੇ ਦਰਸ਼ਨ ਦੀਦਾਰ ਕਰਨ ਆਉਂਦੇ ਹਨ ਤਾਂ ਰਾਇ ਬਲਵੰਡ ਅਤੇ ਸੱਤੇ ਦੀ ਰਸ-ਭਿੰਨੀ 'ਰਾਮਕਲੀ ਦੀ ਵਾਰ'- 'ਤੁਧੁ ਡਿਠੇ ਸਚੇ ਪਾਤਿਸਾਹ, ਮਲ ਜਨਮ ਜਨਮ ਦੀ ਕਟੀਐ' ਪੈਂਦੀ ਹੈ ਤਾਂ ਉਹ ਮੰਤਰ-ਮੁਗਧ ਹੋ ਜਾਂਦੇ ਹਨ। ਉਹ ਗੁਰੂ ਅੰਗਦ ਦੇਵ, ਗੁਰੂ ਅਮਰਦਾਸ ਅਤੇ ਗੁਰੂ ਅਰਜਨ ਦੇਵ ਦੇ ਦਰਬਾਰ ਵਿੱਚ ਰਬਾਬੀ ਰਹੇ ਸਨ। ਉਨ੍ਹਾਂ ਤੋਂ ਇਲਾਵਾ ਰਾਗ ਬਿਹਾਗੜਾ ਵਿੱਚ ਭਾਈ ਮਰਦਾਨਾ ਦੇ ਨਾਂ 'ਤੇ ਤਿੰਨ ਸ਼ਬਦ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ। ਜਦੋਂ ਕੋਈ ਨਾਨਕ ਨਾਮਲੇਵਾ ਗੁਰੂ ਗ੍ਰੰਥ ਸਾਹਿਬ ਨੂੰ ਨਤਮਸਤਕ ਹੁੰਦਾ ਹੈ ਤਾਂ ਉਹ ਇਨ੍ਹਾਂ ਬਾਣੀਕਾਰਾਂ ਨੂੰ ਵੀ ਗੁਰੂ ਦਾ ਅਟੁੱਟ ਅੰਗ ਮੰਨਦਾ ਹੋਇਆ ਮੱਥਾ ਟੇਕਦਾ ਹੈ। ਭਾਈ ਮਰਦਾਨੇ ਦੇ ਨਾਂ 'ਤੇ ਦਰਜ ਸਲੋਕਾਂ ਵਿੱਚ ਨਸ਼ਾਖੋਰੀ ਤੋ ਪਰਹੇਜ਼ ਕਰਕੇ ਰੱਬ ਦੀ ਬੰਦਗੀ ਵਿੱਚ ਮਸਤ ਹੋਣ ਦਾ ਉਪਦੇਸ਼ ਹੈ।-ਮਜਲਸ ਕੂੜੇ ਲਬ ਕੀ, ਪੀ ਪੀ ਹੋਇ ਖੁਆਰੁ।।

ਰਬਾਬ ਦੀ ਸ਼ਕਤੀ ਦਾ ਥਾਹ ਪਾਉਣ ਲਈ ਭਾਈ ਗੁਰਦਾਸ ਦੀ 'ਬਗਦਾਦ ਗਮਨ' ਵਾਰ ਪੜ੍ਹਨ ਦੀ ਲੋੜ ਹੈ।

***ਫਿਰਿ ਬਾਬਾ ਗਇਆ ਬਗਦਾਦ ਨੋ***
***ਬਾਹਰਿ ਜਾਇ ਕੀਆ ਅਸਥਾਨਾ।***
***ਇਕ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ।***
***ਦਿਤੀ ਬਾਂਗਿ ਨਿਵਾਜਿ ਕਰਿ***
***ਸੁੰਨਿ ਸਮਨਿ ਹੋਆ ਜਾਹਾਨਾ....***

ਭਾਈ ਮਰਦਾਨੇ ਦੇ ਦੇਹਾਂਤ ਤੋਂ ਬਾਅਦ ਆਪ ਦਾ ਸਪੁੱਤਰ ਗੁਰੂਘਰ ਵਿੱਚ ਕੀਰਤਨ ਦੀ ਸੇਵਾ ਨਿਭਾਉਂਦਾ ਹੈ। ਮੀਰੀ ਅਤੇ ਪੀਰੀ ਦੇ ਮੁੱਜਸਮੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੇ ਦਰਬਾਰ ਵਿੱਚ ਵੀ ਰਬਾਬ ਦੀਆਂ ਤਰਬਾਂ ਛਿੜਦੀਆਂ ਰਹੀਆਂ। ਭਾਈ ਬਾਬਕ ਘੋੜੇ 'ਤੇ ਸਵਾਰ ਹੁੰਦੇ ਤਾਂ ਵੀ ਇੱਕ ਮੋਢੇ ਤਲਵਾਰ ਤੇ ਦੂਜੇ ਉੱਤੇ ਰਬਾਬ ਟੰਗੀ ਹੁੰਦੀ। ਉਨ੍ਹਾਂ ਦੇ ਦੇਹਾਂਤ ਤੋਂ ਬਾਅਦ ਮਸੇਰੇ ਭਰਾ ਭਾਈ ਅਬਦੁੱਲਾ ਤੇ ਭਾਈ ਨੱਥਾ ਢੱਡ-ਸਾਰੰਗੀ ਅਤੇ ਰਬਾਬ ਦੀ ਸ਼ਕਤੀ ਨਾਲ ਅਧਿਆਤਮਕ ਅਤੇ ਬੀਰ ਰਸ ਪੈਦਾ ਕਰਦੇ ਰਹੇ। ਭਾਈ ਨੱਥਾ ਲੰਮੀ ਉਮਰ ਭੋਗ ਕੇ ਗੁਰੂ ਗੋਬਿੰਦ ਸਿੰਘ ਤਕ ਨਿਭਿਆ। ਅੱਜ ਵੀ ਮਰਦਾਨੇ ਕਿਆਂ ਦੀ ਗੁਰੂਘਰ ਪ੍ਰਤੀ ਅਟੁੱਟ ਸ਼ਰਧਾ ਹੈ। ਉਨ੍ਹਾਂ ਨੂੰ ਗਲੋਂ ਲਾਹੁਣ ਦੀ ਬਜਾਏ ਗਲੇ ਲਾਉਣ ਦੀ ਜ਼ਰੂਰਤ ਹੈ। ਇਉਂ ਨਾ ਹੋਵੇ ਕਿ ਭਾਈ ਬਾਲੇ ਦੇ ਵੰਸ਼ ਵਾਂਗ ਮਰਦਾਨੇ ਕੇ ਵੀ ਨਜ਼ਰੀ ਨਾ ਪੈਣ। ਰਬਾਬ ਦੀਆਂ ਤਰਬਾਂ ਵਿੱਚੋਂ ਵਿਰਾਸਤ ਦੇ ਦਰਸ਼ਨ ਹੁੰਦੇ ਹਨ ਤੇ ਰਬਾਬੀਆਂ 'ਚੋਂ ਭਾਈ ਮਰਦਾਨੇ ਦੇ।

**(ਪੰਜਾਬੀ ਟ੍ਰਿਬਿਊਨ ਵਿੱਚੋਂ ਧੰਨਵਾਦ ਸਹਿਤ)**

# ਦਿਲਰੁਬਾ

**ਰਣਜੀਤ ਸਿੰਘ**

ਦਿਲਰੁਬਾ ਗਜ਼ ਨਾਲ ਵਜਾਉਣ ਵਾਲਾ ਇੱਕ ਤੰਤੀ ਸਾਜ ਹੈ ਜੋ ਬੰਗਾਲੀ ਸਾਜ ਇਸਰਾਜ ਨਾਲ ਮਿਲਦਾ-ਜੁਲਦਾ ਹੈ। ਇਨ੍ਹਾਂ ਦੋਵਾਂ ਸਾਜਾਂ ਵਿੱਚ ਮੁੱਖ ਅੰਤਰ ਇਹ ਹੈ ਕਿ ਦਿਲਰੁਬਾ ਦਾ ਆਕਾਰ ਇਸਰਾਜ ਤੋਂ ਕੁੱਝ ਵੱਡਾ ਹੁੰਦਾ ਹੈ। ਅਸਲ ਵਿੱਚ ਇਸਰਾਜ ਬੰਗਾਲ ਵਿੱਚ ਅਤੇ ਦਿਲਰੁਬਾ ਮੁੰਬਈ, ਪੰਜਾਬ ਅਤੇ ਉੱਤਰ ਪ੍ਰਦੇਸ਼ ਵਿੱਚ ਵਜਾਇਆ ਜਾਂਦਾ ਹੈ। ਤਾਊਸ ਵੀ ਇਨ੍ਹਾਂ ਸਾਜਾਂ ਨਾਲ ਮਿਲਦਾ ਜੁਲਦਾ ਮੋਰ ਦੀ ਸ਼ਕਲ ਦਾ ਸਾਜ ਹੈ।

**ਇਤਿਹਾਸਕ ਪਿਛੋਕੜ**: ਦਿਲਰੁਬਾ, ਇਸਰਾਜ ਅਤੇ ਤਾਊਸ ਇਹਨਾਂ ਤਿੰਨਾਂ ਸਾਜਾਂ ਦਾ ਨਾਮ ਪ੍ਰਾਚੀਨ ਗ੍ਰੰਥਾਂ ਵਿੱਚ ਪ੍ਰਾਪਤ ਨਹੀਂ ਹੁੰਦਾ। ਇਨ੍ਹਾਂ ਸਾਜਾਂ ਦਾ ਜਨਮ ਮੱਧ ਕਾਲ ਵਿੱਚ ਹੋਇਆ ਮੰਨਿਆ ਜਾਂਦਾ ਹੈ। ਇਨ੍ਹਾਂ ਦੇ ਅਵਿਸ਼ਕਾਰ ਦੇ ਸਬੰਧ ਵਿੱਚ ਕਿਹਾ ਜਾਂਦਾ ਹੈ ਕਿ ਮੁਗਲ ਕਾਲ ਵਿੱਚ ਦਿਲਰੁਬਾ ਦਾ ਅਵਿਸ਼ਕਾਰ ਹੋਇਆ। ਮੁਗਲ ਦਰਬਾਰਾਂ ਵਿੱਚ 'ਹਰਮ' ਵਿਸ਼ੇਸ਼ ਸਥਾਨ ਰੱਖਦਾ ਸੀ। ਇਨ੍ਹਾਂ ਹਰਮਾਂ ਵਿੱਚ ਗਾਇਨ, ਵਾਦਨ ਅਤੇ ਨ੍ਰਿਤ ਆਯੋਜਿਤ ਕੀਤਾ ਜਾਂਦਾ ਸੀ। ਗਾਇਨ ਆਦਿ ਦੀ ਸੰਗਤ ਲਈ ਸਾਰੰਗੀ ਵਾਦਕਾਂ ਦੀ ਜਰੂਰਤ ਹੁੰਦੀ ਸੀ। ਪ੍ਰੰਤੂ ਕਿਸੇ ਵੀ ਪੁਰਸ਼ ਦਾ ਪ੍ਰਵੇਸ਼ ਹਰਮ ਵਿੱਚ ਬਿਲਕੁਲ ਵਰਜਿਤ ਸੀ ਅਤੇ ਸਾਰੰਗੀ ਵਾਦਕ ਜ਼ਿਆਦਾਤਰ ਪੁਰਸ਼ ਹੀ ਹੁੰਦੇ ਸਨ। ਇਸ ਲਈ ਇਹ ਸੋਚਿਆ ਗਿਆ ਕਿ ਇੱਥੇ ਇਸਤਰੀਆਂ ਨੂੰ ਸਰੰਗੀ ਵਾਦਨ ਦੀ ਸਿੱਖਿਆ ਪ੍ਰਦਾਨ ਕੀਤੀ ਜਾਵੇ। ਪਰ ਸਾਰੰਗੀ ਇੱਕ ਤਾਂ ਬਿਨਾਂ ਪਰਦੇ ਦਾ ਸਾਜ ਹੋਣ ਕਾਰਨ ਬੜਾ ਕਠਿਨ ਸੀ ਅਤੇ ਦੂਜਾ ਉਸਦੇ ਵਾਦਨ ਨਾਲ ਹੱਥਾਂ ਦੇ ਨਹੁੰਆਂ ਦੀ ਸੁੰਦਰਤਾ ਵੀ ਨਸ਼ਟ ਹੋ ਜਾਂਦੀ ਸੀ। ਇਸ ਲਈ ਇਹ ਸੰਭਵ ਨਹੀਂ ਸੀ ਕਿ ਹਰਮ ਵਿੱਚ ਰਹਿਣ ਵਾਲੀਆਂ ਇਸਤਰੀਆਂ ਸਰੰਗੀ ਵਜਾਉਣ। ਇਨ੍ਹਾਂ ਸਭ ਗੱਲਾਂ ਨੂੰ ਧਿਆਨ ਵਿੱਚ ਰੱਖ ਕੇ ਇੱਕ ਨਵੇ ਸਾਜ ਦੀ ਰਚਨਾ ਹੋਈ। ਇਸ ਸਾਜ ਵਿੱਚ ਸਾਰੰਗੀ ਦੇ ਉਪਰੀ ਭਾਗ ਨੂੰ ਲੰਬਾ ਕਰਕੇ ਉਸ ਤੇ ਸਿਤਾਰ ਦੀ ਤਰ੍ਹਾਂ ਪਰਦੇ ਬੰਨ ਦਿੱਤੇ ਗਏ। ਜਿਸ ਨਾਲ ਵਜਾਉਣਾ ਕੁੱਝ ਸਰਲ ਹੋ ਗਿਆ। ਇਸ ਤਰ੍ਹਾਂ ਬਾਅਦ ਵਿੱਚ ਦਿਲਰੁਬਾ ਸੁਤੰਤਰ ਵਾਦਨ ਦੇ ਰੂਪ ਵਿੱਚ ਪ੍ਰਚੱਲਿਤ ਹੋ ਗਿਆ। ਮੁਗਲ ਕਾਲ ਦੇ ਅੰਤਲੇ ਸਮੇਂ ਭਾਵ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਵਿੱਚ ਦਿਲਰੁਬਾ ਦੇ ਤੂੰਬੇ ਦੀ ਸ਼ਕਲ ਮੋਰ ਵਾਂਗ ਬਣਾ ਕੇ ਅਤੇ ਡਾਂਡ ਦੇ ਪਿੱਛੇ ਮੋਰ-ਪੰਖ ਲਗਾ ਕੇ ਇਸ ਦੀ ਬਣਤਰ ਕੀਤੀ ਗਈ ਅਤੇ ਇਸ ਨੂੰ ਤਾਊਸ ਦਾ ਨਾਮ ਦਿੱਤਾ ਗਿਆ ਜੋ ਵੇਖਣ ਵਿੱਚ ਮੋਰ ਦੀ ਸ਼ਕਲ ਦਾ ਜਾਪਦਾ ਹੈ ਪ੍ਰੰਤੂ ਇਸ ਦਾ ਵਾਦਨ ਦਿਲਰੁਬਾ ਜਾਂ ਇਸਰਾਜ ਦੀ ਤਰ੍ਹਾਂ ਹੀ ਕੀਤਾ ਜਾਂਦਾ ਹੈ ਅਤੇ ਇਸਦੀ ਅਵਾਜ ਇਨ੍ਹਾਂ ਸਾਜਾਂ ਨਾਲੋਂ ਵਧੇਰੇ ਗੰਭੀਰ ਹੁੰਦੀ ਹੈ। ਕਿਹਾ ਜਾਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਤਾਊਸ ਦਾ ਪ੍ਰਯੋਗ ਖੁਦ ਸ਼ਬਦ ਕੀਰਤਨ ਨਾਲ ਵੀ ਕੀਤਾ।

ਅਸਲ ਵਿੱਚ ਦਿਲਰੁਬਾ ਇਸਰਾਜ ਸਾਜ ਦੇ ਕੁੱਝ ਸਾਲ ਬਾਅਦ ਨਿਰਮਿਤ ਹੋਇਆ। ਵੈਸੇ ਇਸਰਾਜ ਅਤੇ ਦਿਲਰੁਬਾ ਦੇ ਰੂਪ, ਅਕਾਰ ਅਤੇ ਵਾਦਨ ਵਿੱਚ ਇੰਨਾਂ ਘੱਟ ਅੰਤਰ ਹੈ ਕਿ ਇਨ੍ਹਾਂ ਦੋਹਾਂ ਸਾਜਾਂ ਦਾ ਵਾਦਨ ਕਿਸੇ ਇੱਕ ਸਾਜ ਦਾ ਅਭਿਆਸ ਕਰ ਲੈਣ ਨਾਲ ਹੀ ਕੀਤਾ ਜਾ ਸਕਦਾ ਹੈ। ਅੰਤਰ ਕੇਵਲ ਇੰਨਾਂ ਹੈ ਕਿ ਇਸਰਾਜ ਦੀ ਡਾਂਡ ਲੰਬੀ ਹੁੰਦੀ ਹੈ ਜਦ ਕਿ ਦਿਲਰੁਬਾ ਦੀ ਉਸ ਤੋਂ ਕੁੱਝ ਛੋਟੀ ਹੁੰਦੀ ਹੈ ਅਤੇ ਦਿਲਰੁਬਾ ਵਿੱਚ ਤਰਬ ਦੇ ਤਾਰ ਇਸਰਾਜ ਤੋਂ ਜ਼ਿਆਦਾ ਹੁੰਦੇ ਹਨ।

ਇਸ ਸਾਜ ਦਾ ਪ੍ਰਚਾਰ ਲਗਭਗ ਪਿਛਲੇ ਢਾਈ ਸੋ ਸਾਲ ਰਿਹਾ ਹੈ ਪਰ ਅੰਗਰੇਜੀ ਰਾਜ ਦੀ ਸਥਾਪਨਾ ਤੋਂ ਬਾਅਦ ਗਜ਼ ਨਾਲ ਵਜਾਇਆ ਜਾਣ ਵਾਲਾ ਵਿਦੇਸ਼ੀ ਸਾਜ ਵਾਇਲਨ ਜ਼ਿਆਦਾ ਪ੍ਰਚੱਲਿਤ ਹੋਣ ਲੱਗਾ। ਜਦ ਕਿ ਵਾਇਲਨ ਦਾ ਵਾਦਨ ਕੁੱਝ ਮੁਸ਼ਕਿਲ ਹੈ ਪਰ ਅਕਾਰ ਵਿੱਚ ਕੁੱਝ ਛੋਟਾ ਅਤੇ ਸੁੰਦਰ ਅਤੇ ਲੈ ਕੇ ਜਾਣ ਲਈ ਸੌਖ ਹੋਣ ਕਾਰਨ ਇਸਦਾ ਪ੍ਰਚਾਰ ਵਧਣ ਲੱਗਾ ਅਤੇ ਦਿਲਰੁਬ/ਇਸਰਾਜ ਦਾ ਪ੍ਰਚਲਣ ਘਟ ਗਿਆ। ਇਹ ਵੀ ਬਦਕਿਸਮਤੀ ਦੀ ਗੱਲ ਹੈ ਕਿ ਇਨ੍ਹਾਂ ਸਾਜਾਂ ਨੂੰ ਸਿਤਾਰ ਜਾਂ ਸਰੋਦ ਆਦਿ ਸਾਜਾਂ ਵਾਂਗ ਘਰਾਣੇਦਾਰ ਲੋਕਾਂ ਨੇ ਨਹੀਂ ਅਪਣਾਇਆ। ਕਿਉਂਕਿ ਇਨ੍ਹਾਂ ਸਾਜਾਂ ਦੇ ਪ੍ਰਚਾਰ ਲਈ ਕੁੱਝ ਵਿਸ਼ੇਸ਼ ਯਤਨ ਨਹੀਂ ਕੀਤੇ ਗਏ। ਪਰ ਫਿਰ ਵੀ ਅੱਜ-ਕੱਲ ਪੰਜਾਬ ਵਿੱਚ ਇਸ ਦੇ ਸੁਤੰਤਰ ਵਾਦਨ ਅਤੇ ਸ਼ਬਦ ਕੀਤਰਨ (ਗੁਰਮਤਿ ਸੰਗੀਤ) ਦੀ ਸੰਗਤ ਲਈ ਇਸ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ।

**ਬਨਾਵਟ**: ਦਿਲਰੁਬਾ ਦਾ ਉਪਰੀ ਹਿੱਸਾ ਸਿਤਾਰ ਵਾਂਗ ਅਤੇ ਹੇਠਲਾ ਭਾਗ ਸਾਰੰਗੀ ਵਾਂਗ ਹੁੰਦਾ ਹੈ, ਜਿਸ ਉੱਪਰ ਚਮੜਾ ਮੜਿਆ ਹੁੰਦਾ ਹੈ। ਇਸ ਉੱਤੇ ਘੜ੍ਹਚ (ਜਵਾਰੀ) ਨੂੰ ਰੱਖਿਆ ਜਾਂਦਾ ਹੈ। ਘੜ੍ਹੱਚ ਤੋਂ ਹੋ ਕੇ ਚਾਰ ਤਾਰ ਖੂੰਟੀਆਂ ਨਾਲ ਬੰਨੇ ਜਾਂਦੇ ਹਨ। ਦਿਲਰੁਬਾ ਦੀਆਂ ਚਾਰ ਤਾਰਾਂ ਵਿੱਚੋਂ ਪਹਿਲਾ ਅਤੇ ਚੌਥਾ ਤਾਰ ਸਟੀਲ ਦਾ ਅਤੇ ਦੂਜਾ ਤੇ ਤੀਜਾ ਤਾਰ ਤਾਂਬੇ ਦਾ ਹੁੰਦਾ ਹੈ। ਪਹਿਲਾ ਬਾਜ ਦਾ ਤਾਰ ਮੰਦਰ ਮਧਿਅਮ (ਮ਼) ਤੇ ਮਿਲਾਇਆ ਜਾਂਦਾ ਹੈ ਅਤੇ ਬਾਕੀ ਤਿਨ ਤਾਰ ਮੰਦਰ ਸ਼ੜਜ (ਸ਼), ਮੰਦਰ ਪੰਚਮ (ਪ਼) ਅਤੇ ਮੱਧ ਪੰਚਮ (ਪ) ਤੇ ਮਿਲਾਏ ਜਾਂਦੇ ਹਨ। ਤਾਰ ਇਕ ਪਾਸੇ ਕਿੱਲ ਜਾਂ ਲੰਗੋਟ ਨਾਲ ਬੰਨੇ ਜਾਂਦੇ ਹਨ। ਦਿਲਰੁਬਾ ਦੀ ਡਾਂਡ ਲੱਕੜ ਦੀ ਹੁੰਦੀ ਹੈ ਅਤੇ ਇਸਦੀ ਲੰਬਾਈ 1 ਫੁੱਟ 8 ਇੰਚ(1'- 8") ਹੁੰਦੀ ਹੈ ਜਿਸ ਉੱਤੇ ਸਿਤਾਰ ਵਾਂਗ ਪਰਦੇ ਹੁੰਦੇ ਹਨ। ਇਸਦਾ ਵਾਦਨ ਮੁੱਖ ਤੌਰ ਤੇ ਪਰਦੇ 'ਤੇ ਤਾਰ ਨੂੰ ਦਬਾ ਕੇ ਕੀਤਾ ਜਾਂਦਾ ਹੈ। ਪਰਦਿਆਂ ਦੀ ਸੰਖਿਆ 19/20 ਹੁੰਦੀ ਹੈ। ਇਨ੍ਹਾਂ ਪਰਦਿਆਂ ਨੂੰ ਲੋੜ ਅਨੁਸਾਰ ਖਿਸਕਾਇਆ ਵੀ ਜਾਂਦਾ ਹੈ। ਘੜ੍ਹੱਚ ਦੇ ਹੇਠਾਂ 15 ਤੋਂ 17 ਤੱਕ ਤਰਬ ਦੇ ਤਾਰ ਹੁੰਦੇ ਹਨ ਜਿਨ੍ਹਾਂ ਨੂੰ ਰਾਗ ਦੇ ਅਨੁਸਾਰ ਮਿਲਾਇਆ ਜਾਂਦਾ ਹੈ। ਇਨ੍ਹਾਂ ਤਰਬਾਂ ਦੀਆਂ ਖੂੰਟੀਆਂ ਡਾਂਡ ਦੇ ਸੱਜੇ ਪਾਸੇ ਇੱਕ ਵਿਸ਼ੇਸ਼ ਪੱਟੀ ਤੇ ਲੱਗੀਆਂ ਹੁੰਦੀਆਂ ਹਨ।

ਦਿਲਰੁਬਾ ਨੂੰ ਸਾਰੰਗੀ ਵਾਂਗ ਖੱਬੇ ਮੋਢੇ ਦੇ ਸਹਾਰੇ ਖੜਾ ਕਰਕੇ ਗਜ਼ ਨਾਲ ਵਜਾਇਆ ਜਾਂਦਾ ਹੈ। ਗਜ਼ ਸਰੰਗੀ ਜਾਂ ਇਸਰਾਜ ਦੇ ਗਜ਼ ਵਾਂਗ ਧਨੁਸ਼ ਦੀ ਸ਼ਕਲ ਦਾ ਹੁੰਦਾ ਹੈ। ਪਹਿਲਾਂ ਇਸ ਤੇ ਘੋੜੇ ਦੀ ਪੂੰਛ ਦੇ ਵਾਲ ਧਨੁਸ਼ ਦੀ ਡੋਰੀ ਵਾਂਗ ਬੰਨੇ ਜਾਂਦੇ ਸਨ ਪ੍ਰੰਤੂ ਅਧੁਨਿਕ ਸਮੇਂ ਵਿੱਚ ਜਿਆਦਾਤਰ ਨਾਇਲਨ ਦੀ ਤੰਦੀ ਬੰਨੀ ਜਾਂਦੀ ਹੈ ਅਤੇ ਇਸ ਤੇ ਬਿਰੋਜ਼ਾ ਲਗਾ ਕੇ ਇਸ ਸਾਜ ਨੂੰ ਵਜਾਇਆ ਜਾਂਦਾ ਹੈ।

**ਪਰਦੇ :** ਦਿਲਰੁਬਾ ਵਿੱਚ ਪਰਦਿਆਂ ਦੀ ਸੰਖਿਆ ਸਿਤਾਰ ਵਾਂਗ ਘੱਟ ਤੋਂ ਘੱਟ 16 ਅਤੇ ਵੱਧ ਤੋਂ ਵੱਧ 19 ਹੁੰਦੀ ਹੈ। ਰਾਗਾਂ ਅਨੁਸਾਰ ਥਾਟ ਰਚਨਾ ਕਰਨ ਲਈ ਪਰਦਿਆਂ ਨੂੰ ਖਿਸਕਾਇਆ ਜਾਂਦਾ ਹੈ। ਦਿਲਰੁਬਾ ਤੇ ਬੰਨੇ ਪਰਦਿਆਂ ਤੇ ਹੇਠ ਲਿਖੇ ਸਵਰ ਪ੍ਰਾਪਤ ਹੁੰਦੇ ਹਨ: –

।                                        ।
ਮ਼, ਪ਼, ਧੁ, ਧ਼, ਨੁ਼ੀ, ਨ਼ੀ, ਸ, ਰੇ, ਗੁ, ਗ, ਮ, ਮ, ਪ, ਧ, ਨੁੀ, ਨੀ, ਸਂ, ਰੇਂ,ਗਂ

**ਦਿਲਰੁਬਾ ਦੇ ਤਾਰਾਂ ਨੂੰ ਮਿਲਾਉਣਾ:** ਦਿਲਰੁਬਾ ਦੇ ਮੁੱਖ ਚਾਰ ਤਾਰ ਹੁੰਦੇ ਹਨ ਜਿਨ੍ਹਾਂ ਨੂੰ ਗਜ਼ ਦੀ ਰਗੜ ਨਾਲ ਵਜਾਇਆ ਜਾਂਦਾ ਹੈ। ਪਹਿਲਾ ਤਾਰ ਬਾਜ ਦਾ ਤਾਰ ਹੁੰਦਾ ਹੈ ਜਿਸਨੂੰ ਮੰਦਰ ਮਧਿਅਮ (ਮ਼) ਸਵਰ ਤੇ ਮਿਲਾਇਆ ਜਾਂਦਾ ਹੈ। ਦੂਜਾ ਤਾਰ ਮੰਦਰ ਸ਼ੜਜ (ਸ਼) ਤੇ, ਤੀਜਾ ਤਾਰ ਮੰਦਰ ਪੰਚਮ (ਪ਼) ਤੇ ਅਤੇ ਚੌਥਾ ਤਾਰ ਮੱਧ ਪੰਚਮ (ਪ) ਸਵਰਾਂ ਤੇ ਮਿਲਾਏ ਜਾਂਦੇ ਹਨ। ਤਰਬ ਦੀਆਂ ਤਾਰਾਂ ਨੂੰ ਮੰਦਰ ਸਪਤਕ ਦੇ ਪੰਚਮ (ਪ਼) ਤੋਂ ਅਰੰਭ ਕਰਕੇ ਰਾਗ ਦੇ ਸਵਰਾਂ ਅਨੁਸਾਰ ਸ਼ੁੱਧ, ਕੋਮਲ ਜਾਂ ਤੀਵਰ ਸਵਰਾਂ ਤੇ ਮਿਲਾਇਆ ਜਾਂਦਾ ਹੈ।

**ਦਿਲਰੁਬਾ ਵਾਦਨ ਦੇ ਕੁੱਝ ਪ੍ਰਸਿੱਧ ਕਲਾਕਾਰ:** ਦਿਲਰੁਬਾ ਦੇ ਸੁਤੰਤਰ ਵਾਦਨ (SOLO) ਦੇ ਖੇਤਰ ਵਿੱਚ ਸਵ. ਮਹੰਤ ਗੱਜਾ ਸਿੰਘ, ਗੁਰੂਸਰ ਮਹਾਰਾਜ ਬਾਲੀਆ ਅਤੇ ਕਲਕੱਤਾ ਨਿਵਾਸੀ ਸਵ. ਸ਼ੀਤਲ ਪ੍ਰਸ਼ਾਦ ਮੁਖਰਜੀ ਦਾ ਨਾਂ ਬਹੁਤ ਪ੍ਰਸਿੱਧ ਹੈ। ਮਹੰਤ ਗੱਜਾ ਸਿੰਘ ਦੇ ਸ਼ਾਗਿਰਦ ਭਾਈ ਸਾਹਿਬ ਭਾਈ ਕਾਨ੍ਹ ਸਿੰਘ ਨਾਭਾ ਅਤੇ ਪਟਿਆਲਾ ਦਰਬਾਰ ਦੇ ਮਹਾਨ ਕਲਾਕਾਰ ਭਾਈ ਹਰਨਾਮ ਸਿੰਘ ਦਾ ਨਾਮ ਮੁੱਖ ਹੈ। ਭਾਈ ਹਰਨਾਮ ਸਿੰਘ ਜੀ ਦੇ ਆਪਣੇ ਸ਼ਬਦਾਂ ਵਿੱਚ "ਮਹੰਤ ਜੀ ਨੇ ਉਦੋਂ ਤੱਕ ਮੈਨੂੰ ਰਾਗ ਦੀ ਤਾਲੀਮ ਨਹੀਂ ਦਿੱਤੀ ਜਦੋਂ ਤੱਕ ਮੇਰੇ ਕੋਲੋਂ ਗਜ਼ ਦੇ ਇੱਕ ਅਵਰਤਨ ਵਿੱਚ 128 ਸੁਰ ਸਪਸ਼ਟ ਨਹੀਂ ਨਿਕਲੇ।" ਇਸ ਗੱਲ ਤੋਂ ਇਹ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਉਨ੍ਹਾਂ ਦੇ ਪਰਦਿਆਂ ਤੇ ਚੱਲਣ ਵਾਲੇ (ਖੱਬੇ) ਹੱਥ ਵਿੱਚ ਬਿਜਲੀ ਦੇ ਸਮਾਨ ਤੇਜ਼ੀ ਅਤੇ ਗਜ਼ ਵਾਲੇ (ਸੱਜੇ) ਹੱਥ ਵਿੱਚ ਧਰੁਵ ਤਾਰੇ ਦੀ ਤਰ੍ਹਾਂ ਟਿਕਾਓ ਹੋਵੇਗਾ। ਕਿਉਂਕਿ ਅਣਥੱਕ ਮਿਹਨਤ ਦੇ ਨਾਲ ਹੀ ਇਸ ਸਾਜ਼ ਤੇ ਪੂਰਨ ਅਧਿਕਾਰ ਪ੍ਰਾਪਤ ਕੀਤਾ ਜਾ ਸਕਦਾ ਹੈ।

ਦਿਲਰੁਬਾ ਵਾਦਨ ਦੇ ਖੇਤਰ ਵਿੱਚ ਕੁੱਝ ਹੀ ਲੋਕ ਹਨ ਜੋ ਪ੍ਰਸਿੱਧ ਕਲਾਕਾਰ ਦੇ ਰੂਪ ਵਿੱਚ ਅੱਗੇ ਆਏ। ਦਿਲਰੁਬਾ ਪੰਜਾਬ ਦਾ ਪ੍ਰਸਿੱਧ ਸਾਜ ਹੈ।ਨਾਮਧਾਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਿਲਰੁਬਾ ਅਤੇ ਤਾਊਸ ਵਜਾਉਣ ਵਿੱਚ ਸਿੱਧ ਹਸਥ (Perfect) ਸਨ। ਦਿਲਰੁਬਾ ਗੁਰਮਤਿ ਸੰਗੀਤ ਦੇ ਖੇਤਰ ਵਿੱਚ ਵੀ ਪ੍ਰਯੋਗ ਹੋਣ ਵਾਲਾ ਇੱਕ ਪ੍ਰਸਿੱਧ ਸਾਜ ਹੈ। ਆਧੁਨਿਕ ਕਾਲ ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਬਹੁਤ ਪ੍ਰਸਿੱਧ ਦਿਲਰੁਬਾ ਵਾਦਕ ਰਹੇ ਹਨ ਅਤੇ ਇਸਦੇ ਨਾਲ ਹੀ ਕੀਰਤਨ ਵੀ ਕਰਦੇ ਸਨ। ਕੁੱਝ ਪੁਰਾਤਨ ਰਾਗੀ ਸਿੰਘ ਵੀ ਇਸ ਸਾਜ ਨਾਲ ਕੀਰਤਨ ਕਰਦੇ ਰਹੇ ਹਨ

ਜਿਨ੍ਹਾਂ ਵਿਚੋਂ ਰਾਗੀ ਪ੍ਰੋ. ਚਤਰ ਸਿੰਘ ਜੀ ਦਾ ਨਾਂ ਉਲੇਖਨੀਏ ਹੈ। ਰਾਗੀ ਪ੍ਰੋ. ਚਤਰ ਸਿੰਘ ਜੀ ਲਗਭਗ ਚਾਲੀ ਸਾਲ ਦਿਲਰੁਬਾ ਦਾ ਵਾਦਨ ਆਪਣੇ ਕੀਰਤਨ ਗਾਇਨ ਨਾਲ ਖੁਦ ਹੀ ਕਰਦੇ ਰਹੇ। ਇਨ੍ਹਾਂ ਨੇ ਕਈ ਵਾਰ ਦਰਬਾਰ ਸਾਹਿਬ ਸ਼੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਖੇ ਵੀ ਹੋਰ ਤੰਤੀ ਸਾਜਾਂ ਦੇ ਨਾਲ-ਨਾਲ ਦਿਲਰੁਬਾ ਨਾਲ ਵੀ ਸ਼ਬਦ ਕੀਰਤਨ ਕੀਤਾ ਅਤੇ ਗੁਰਮਤਿ ਸੰਗੀਤ ਦੇ ਇਸ ਪ੍ਰੰਪਰਾਗਤ ਸਾਜ ਦੇ ਪ੍ਰਚਾਰ ਦਾ ਯਤਨ ਜਾਰੀ ਰੱਖਿਆ। ਦਿਲਰੁਬਾ ਵਾਦਕ ਭਾਈ ਹਰਨਾਮ ਸਿੰਘ ਗਾਇਕੀ ਦੀ ਸੰਗਤ ਕਰਨ ਵਿੱਚ ਮਾਹਿਰ ਸਨ। ਉਨ੍ਹਾਂ ਨੇ ਆਪਣੇ ਸਮੇਂ ਦੇ ਲਗਭਗ ਸਾਰੇ ਪ੍ਰਸਿੱਧ ਕਲਾਕਾਰਾਂ ਨਾਂਲ ਸੰਗਤ ਕੀਤੀ ਸੀ ਜਿਸ ਵਿੱਚ ਕਲਕੱਤੇ ਦੀ ਗੋਹਰਜਾਨ ਦਾ ਨਾਮ ਮੁੱਖ ਹੈ। ਭਾਈ ਹਰਨਾਮ ਸਿੰਘ ਦਿਲਰੁਬਾ ’ਤੇ ਵੀਣਾ ਦੇ ਝਾਲੇ ਨੂੰ ਚੰਗੀ ਤਰ੍ਹਾਂ ਤਿਆਰੀ ਨਾਲ ਵਜਾਉਂਦੇ ਸਨ ਜੋ ਕਿ ਆਪ ਦੀ ਇੱਕ ਖ਼ਾਸ ਵਿਸ਼ੇਸ਼ਤਾ ਸੀ। ਪੰਡਿਤ ਡੀ.ਵੀ. ਪਲੁਸਕਰ, ਭਾਈ ਹਰਨਾਮ ਸਿੰਘ ਦਾ ਦਿਲਰੁਬਾ ਵਾਦਨ ਸੁਣ ਕੇ ਬਹੁਤ ਪ੍ਰਭਾਵਿਤ ਹੋਏ ਅਤੇ ਖੁਲੇ ਦਿਲ ਨਾਲ ਇਸ ਵਾਦਨ ਸ਼ੈਲੀ ਦੀ ਪ੍ਰਸ਼ੰਸਾ ਕੀਤੀ। ਕੁੱਝ ਸਾਲ ਪਹਿਲਾਂ ਇਨ੍ਹਾਂ ਦਾ ਦਿਹਾਂਤ ਹੋ ਗਿਆ ਹੈ।

ਦਿਲਰੁਬਾ ਵਾਦਨ ਵਿੱਚ ਗਤ ਸ਼ੈਲੀ ਅਤੇ ਗਾਇਨ ਸ਼ੈਂਲੀ ਦੋਹਾਂ ਦਾ ਪ੍ਰਚਾਰ ਹੈ। ਇਹ ਗਜ਼ ਨਾਲ ਵਜਾਉਣ ਵਾਲਾ ਸਾਜ਼ ਹੋਣ ਕਾਰਨ ਗਾਇਨ ਸ਼ੈਲੀ ਲਈ ਵਧੇਰੇ ਅਨੁਕੂਲ ਹੈ। ਭਾਈ ਹਰਨਾਮ ਸਿੰਘ ਜੀ ਦੇ ਵਾਦਨ ਵਿੱਚ ਮਹੰਤ ਜੀ ਦੀ ਗਤ ਸ਼ੈਲੀ ਅਤੇ ਉਸਤਾਦ ਅਲੀ ਬਖ਼ਸ਼ ਜੀ ਦੀ ਗਾਇਨ ਸ਼ੈਲੀ ਦਾ ਮਧੁਰ ਮਿਸ਼ਰਣ ਸੀ। ਪਟਿਆਲਾ ਘਰਾਣੇ ਦੇ ਪ੍ਰਸਿੱਧ ਵਾਦਕ ਦੇ ਨਾਲ ਦਿਲਰੁਬਾ ਦੀ ਇਹ ਅਨੂਪ ਸ਼ੈਲੀ ਵੀ ਖ਼ਤਮ ਹੋ ਗਈ ਜਾਪਦੀ ਹੈ।

**ਵਾਦਨ ਪ੍ਰਕਿਰਿਆ:**ਦਿਲਰੁਬਾ ਨੂੰ ਸਾਰੰਗੀ ਵਾਂਗ ਖੱਬੇ ਮੋਢੇ ਨਾਲ ਖੜਾ ਕਰਕੇ ਵਜਾਇਆ ਜਾਂਦਾ ਹੈ। ਖੱਬੇ ਹੱਥ ਦੀਆਂ ਉਂਗਲੀਆਂ ਨੂੰ ਪਰਦਿਆਂ ਤੇ ਰੱਖ ਕੇ ਸੱਜੇ ਹੱਥ ਨਾਲ ਸਾਰੰਗੀ ਵਾਂਗ ਗਜ਼ ਨਾਲ ਵਜਾਇਆ ਜਾਂਦਾ ਹੈ। ਗਜ਼, ਸਾਰੰਗੀ ਅਤੇ ਇਸਰਾਜ ਦੇ ਗਜ਼ ਵਾਂਗ ਧਨੁਸ਼ ਦੀ ਸ਼ਕਲ ਦਾ ਹੁੰਦਾ ਹੈ ਜਿਸ ਉੱਤੇ ਘੋੜੇ ਦੀ ਪੂੰਛ ਦੇ ਵਾਲ ਜਾਂ ਨਾਇਲਨ ਦੀ ਤੰਦੀ ਨੂੰ ਧਨੁਸ਼ ਦੀ ਡੋਰੀ ਵਾਂਗ ਕੱਸ ਕੇ ਬੰਨਿਆ ਜਾਂਦਾ ਹੈ ਅਤੇ ਰਗੜ ਪੈਦਾ ਕਰਨ ਲਈ ਇਸ ਤੇ ਬਰੋਜ਼ਾ ਲਗਾ ਕੇ ਵਜਾਇਆ ਜਾਂਦਾ ਹੈ।

**ਵਾਦਨ ਪ੍ਰੰਪਰਾ:** ਦਿਲਰੁਬਾ ਸਾਜ ਤੇ ਗਤ ਸ਼ੈਲੀ ਅਤੇ ਗਾਇਨ ਸ਼ੈਲੀ ਦੋਵੇਂ ਵਜਾਏ ਜਾਂਦੇ ਹਨ। ਪ੍ਰੰਤੂ ਗਜ਼ ਵਾਲਾ ਸਾਜ ਹੋਣ ਕਾਰਨ ਇਹ ਗਾਇਨ ਸ਼ੈਲੀ ਲਈ ਵਧੇਰੇ ਅਨੁਕੂਲ ਹੈ। ਗੁਰਮਤਿ ਸੰਗੀਤ ਵਿੱਚ ਇਸ ਸਾਜ਼ ਦਾ ਪ੍ਰਯੋਗ ਕੀਰਤਨ ਦੀ ਸੰਗਤ ਲਈ ਕੀਤਾ ਜਾਂਦਾ ਹੈ। ਪ੍ਰੰਤੂ ਅਤਿਅੰਤ ਪ੍ਰਭਾਵਿਤ ਅਤੇ ਮਧੁਰ ਹੋਣ ਕਾਰਨ ਵੀ ਘਰਾਣੇਦਾਰ ਸੰਗੀਤਕਾਰਾਂ ਨੇ ਇਸਨੂੰ ਨਹੀਂ ਅਪਣਾਇਆ ਜਿਸ ਕਾਰਨ ਇਸ ਸਾਜ਼ ਦਾ ਪ੍ਰਚਾਰ ਕੁੱਝ ਘਟ ਗਿਆ ਹੈ।

ਪੱਛਮੀ ਪ੍ਰਭਾਵ ਦੇ ਕਾਰਣ ਭਾਰਤੀਆਂ ਨੇ ਜਿੰਨਾਂ ਧਿਆਨ ਵਾਇਲਨ ਅਤੇ ਗਿਟਾਰ ਆਦਿ ਸਾਜਾਂ ਵੱਲ ਕੀਤਾ ਹੈ ਉੱਨਾ ਧਿਆਨ ਸਾਰੰਦਾ, ਇਸਰਾਜ ਅਤੇ ਦਿਲਰੁਬਾ ਆਦਿ ਸਾਜਾਂ ਵੱਲ ਨਹੀਂ ਦਿੱਤਾ। ਵਿਸ਼ਵ ਵਿਦਿਆਲੇ ਦੀ ਪ੍ਰੀਖਿਆਵਾਂ ਵਿੱਚ ਵੀ ਵਿਦਿਆਰਥੀ ਸੰਗੀਤ ਵਾਦਨ ਦੇ ਵਿਸ਼ੇ ਵਜੋਂ ਵਧੇਰੇ ਕਰਕੇ ਸਿਤਾਰ ਨੂੰ ਹੀ ਅਪਣਾਉਂਦੇ ਹਨ ਕਿਉਂਕਿ ਪ੍ਰਚਾਰ ਦੀ ਕਮੀ ਕਾਰਨ ਇਹਨਾਂ ਸਾਜਾਂ ਦੇ ਪ੍ਰਯੋਗਿਕ ਅਧਿਆਪਕਾਂ ਦੀ ਵੀ ਕਮੀ ਹੈ। ਫਿਰ ਵੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਗੁਰਮਤਿ ਸੰਗੀਤ ਵਿਭਾਗ ਦੇ ਮੁਖੀ ਡਾ.ਗੁਰਨਾਮ ਸਿੰਘ ਦੀ ਤਵੱਜੋ ਅਤੇ ਉੱਧਮ ਸਦਕਾ ਦਿਲਰੁਬਾ ਵਾਦਨ ਦਾ ਰੁਝਾਨ ਜਿੱਥੇ ਗੁਰਮਤਿ ਸੰਗੀਤ ਵਿੱਚ ਵੱਧ ਰਿਹਾ ਹੈ ਉੱਥੇ ਇਸਦੇ ਸੁਤੰਤਰ ਵਾਦਨ ਦੇ ਮੁਕਾਬਲੇ ਵੀ ਕਰਵਾਏ ਜਾ ਰਹੇ ਹਨ ਜਿਸ ਨਾਲ ਹੁਣ ਵਿਦਿਆਰਥੀਆਂ ਵਿੱਚ ਵੀ ਦਿਲਰੁਬਾ ਵਾਦਨ ਪ੍ਰਤੀ ਰੁਚੀ ਪੈਦਾ ਹੋ ਰਹੀ ਹੈ। ਵਰਤਮਾਨ ਸਮੇਂ ਵਿੱਚ ਪ੍ਰੋ. ਅਮਨਦੀਪ ਸਿੰਘ ਜੋ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਗੁਰਮਤਿ ਸੰਗੀਤ ਵਿਭਾਗ ਵਿੱਚ ਦਿਲਰੁਬਾ ਵਾਦਨ ਦੀ ਸ਼ਿਕਸ਼ਾ ਦੇ ਰਹੇ ਹਨ, ਸ੍ਰ. ਸੰਦੀਪ ਸਿੰਘ ਜੋ ਜਲੰਧਰ ਰੇਡੀਓ ਸਟੇਸ਼ਨ ਵਿਖੇ ਦਿਲਰੁਬਾ ਵਾਦਨ ਦੇ ਕਲਾਕਾਰ ਹਨ ਅਤੇ ਭਾਈ ਰਵਿੰਦਰ ਸਿੰਘ ਜਿਹਨਾਂ ਨੇ ਦਿਲਰੁਬਾ ਵਾਦਨ ਦੀ ਸ਼ਿਕਸ਼ਾ ਦਾ ਆਰੰਭ ਰਾਗੀ ਪ੍ਰੋ. ਚਤਰ ਸਿੰਘ ਗੁਰਮਤਿ ਸੰਗੀਤ ਅਕੈਡਮੀ, ਪਟਿਆਲਾ ਵਿਖੇ ਡਾ. ਜਬਰਜੰਗ ਸਿੰਘ ਜੀ ਤੋਂ ਕੀਤਾ ਅਤੇ ਹੁਣ ਸ਼੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ ਵੱਖ-ਵੱਖ ਰਾਗੀ ਜੱਥਿਆਂ ਨਾਲ ਦਿਲਰੁਬਾ ਤੇ ਸੰਗਤ ਕਰਦੇ ਹਨ, ਦਿਲਰੁਬਾ ਵਾਦਨ ਦੇ ਉਭਰਦੇ ਕਲਾਕਾਰ ਹਨ। ਅੱਜ ਇਸਦੇ ਪ੍ਰਚਾਰ ਨੂੰ ਵੇਖਦੇ ਹੋਏ ਦਿਲਰੁਬਾ ਵਾਦਨ ਦੇ ਸੁਤੰਤਰ ਵਾਦਨ ਅਤੇ ਗਾਇਨ ਨਾਲ ਸੰਗਤ ਦੀ ਉੱਨਤੀ ਦੇ ਆਸ਼ਾ ਜਨਕ ਚਿੰਨ ਨਜ਼ਰ ਆਉਣ ਲੱਗੇ ਹਨ ਕਿਉਂਕਿ ਮਧੁਰਤਾ ਅਤੇ ਰਸ ਦੀ ਦ੍ਰਿਸ਼ਟੀ ਤੋਂ ਇਸਦੀ ਉਪਯੋਗਤਾ ਨੂੰ ਨਕਾਰਿਆ ਨਹੀਂ ਜਾ ਸਕਦਾ।

**ਐਮ.ਏ. ਸੰਗੀਤ ਵਾਦਨ (ਦਿਲਰੁਬਾ),**
**ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।**

# ਗੁਰਬਾਣੀ ਵਿੱਚ ਸੰਗੀਤ ਦਾ ਮਹੱਤਵ

**ਮਹਿੰਦਰ ਸਿੰਘ ਡਿੱਡਨ**

ਭਾਰਤੀ ਸੰਗੀਤ ਦੇ ਇਤਿਹਾਸ ਵੱਲ ਨਜ਼ਰ ਮਾਰਨ ਉਪਰੰਤ ਇਹ ਗੱਲ ਸਪਸ਼ਟ ਤੌਰ ਤੇ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਭਾਰਤੀ ਸੰਗੀਤ ਨੂੰ ਮੁੱਢ ਤੋਂ ਹੀ ਵਿਆਪਕ ਤੌਰ ਤੇ ਸਤਿਕਾਰਯੋਗ ਸਥਾਨ ਪ੍ਰਾਪਤ ਰਿਹਾ ਹੈ। ਬਾਲਮੀਕੀ ਰਾਮਾਇਣ ਵਿੱਚ ਵੀ ਇਹ ਲਿਖਿਆ ਮਿਲਦਾ ਹੈ ਕਿ ਸੀਤਾ ਸਵੰਬਰ ਦੇ ਮੌਕੇ ਤੇ ਵੀਣਾ, ਮਿਰਦੰਗ, ਢੋਲ ਆਦਿ ਸਾਜਾਂ ਦਾ ਵਾਦਨ ਕੀਤਾ ਗਿਆ। ਇਹ ਸੰਕੇਤ ਰਾਮਾਇਣ ਵਿੱਚੋਂ ਵੀ ਮਿਲਦਾ ਹੈ ਕਿ ਜਦੋਂ ਪਾਂਡਵਾ ਨੇ ਅਸ਼ਵਮੇਘ ਯੱਗ ਕੀਤਾ ਤਾਂ ਯੁਧਿਸ਼ਟਰ ਨੇ ਸੰਗੀਤ ਕਲਾ ਦਾ ਸਤਕਾਰ ਕਰਦੇ ਹੋਏ ਨਾਰਦ, ਤੰਬੂਰ, ਵਿਸ਼ਵਾਵਸੁ ਅਤੇ ਚਿੱਤਰਸੇਨ ਗੰਧਰਵਾਂ ਨੂੰ ਉਚੀ ਥਾਂ ਤੇ ਬਿਰਾਜਮਾਨ ਕੀਤਾ ਸੀ। ਸਮਰਾਟ ਅਸ਼ੋਕ, ਸਮੁੰਦਰ ਗੁਪਤ, ਕਨਿਸ਼ਕ, ਅਕਬਰ, ਰਾਜਾ ਮਾਨ ਸਿੰਘ ਤੋਮਰ ਅਤੇ ਹੋਰ ਅਨੇਕਾ ਹੀ ਭਾਰਤੀ ਰਾਜੇ ਸੰਗੀਤ ਦੇ ਸ਼ੋਕੀਨ ਅਤੇ ਉਪਾਸ਼ਕ ਸਨ। ਉਨ੍ਹਾਂ ਨੇ ਇਸ ਕਲਾ ਦੀ ਉਨੱਤੀ ਲਈ ਸੰਭਵ ਜਤਨ ਵੀ ਕੀਤੇ ਸਨ।

ਸੰਗੀਤ ਕਲਾ ਦੀ ਇਤਨੀ ਗੌਰਵਸ਼ਾਲੀ ਪਰੰਪਰਾ ਦੇ ਹੁੰਦੇ ਹੋਇ ਵੀ ਕਿਸੀ ਵੀ ਧਰਮ ਨੇ ਸੰਗੀਤ ਨੂੰ ਉਹ ਦਰਜਾ ਨਹੀਂ ਦਿੱਤਾ ਜਿਹੜਾ ਇਸ ਨੂੰ ਸਿੱਖ ਧਰਮ ਵੱਲੋਂ ਪ੍ਰਾਪਤ ਹੋਇਆ ਹੈ। ਸਿੱਖ ਧਰਮ ਦਾ ਪਵਿੱਤਰ ਗ੍ਰੰਥ ਜਿਸ ਨੂੰ ਗੁਰੂ ਦੀ ਪਦਵੀ ਨਾਲ ਨਿਵਾਜਿਆ ਗਿਆ ਹੈ ਅਤੇ ਇਸ ਨੂੰ "ਸ੍ਰੀ ਗੁਰੂ ਗ੍ਰੰਥ ਸਾਹਿਬ" ਕਹਿ ਕੇ ਸਤਿਕਾਰਿਆ ਜਾਂਦਾ ਹੈ। ਇਸ 1430 ਅੰਕਾ ਦੇ ਗ੍ਰੰਥ ਦੀਆਂ ਕੁੱਝ ਰਾਗ ਰਹਿਤ ਬਾਣੀਆਂ ਨੂੰ ਛੱਡ ਕੇ ਬਾਕੀ ਸਾਰੀ ਦੀ ਸਾਰੀ ਬਾਣੀ ਅੰਕ 14 ਤੋਂ ਲੈ ਕੇ 1352 ਤਕ 31 ਰਾਗਾਂ ਵਿੱਚ ਰਚੀ ਗਈ ਹੈ। ਬਾਣੀ ਦੇ ਸਿਰਫ਼ ਰਾਗ ਹੀ ਨਹੀਂ ਬਲਕਿ ਟੇਕ, ਅੰਤਰਾ ਅਤੇ ਥਾਪ ਜਾ ਤਾਲ ਵੀ ਨਿਰਧਾਰਤ ਕਰ ਦਿੱਤੀ ਗਈ ਹੈ। ਹਰ ਸ਼ਬਦ ਨੂੰ ਨਿਰਧਾਰਿਤ ਰਾਗ ਵਿੱਚ ਗਾਉਣ ਦਾ ਆਦੇਸ਼ ਹੈ।

ਬਾਦਸ਼ਾਹ ਔਰੰਗਜ਼ੇਬ ਨੂੰ ਸਗੀਤ ਨਾਲ ਸਖਤ ਨਫ਼ਰਤ ਸੀ। ਉਹ ਸਮਝਦਾ ਸੀ ਕਿ ਸੰਗੀਤ ਮਨੁੱਖ ਦੇ ਚਰਿਤਰ ਨੂੰ ਵਿਗਾੜਨ ਦਾ ਮੁੱਖ ਕਾਰਨ ਹੈ। ਉਹ ਸੰਗੀਤ ਨੂੰ ਧਰਮ ਦੇ ਵਿਰੁੱਧ ਸਮਝਦਾ ਸੀ। ਇਸ ਲਈ ਉਸਨੇ ਸੰਗੀਤ ਦਾ ਨਾਮੋ ਨਿਸ਼ਾਨ ਮਿਟਾਣ ਦਾ ਇਰਾਦਾ ਕਰ ਲਿਆ ਅਤੇ ਫਿਰ ਹੁਕਮ ਕਰ ਦਿੱਤਾ ਕਿ ਸੰਗੀਤ ਦੇ ਸਾਜ਼ਾ ਨੂੰ ਜ਼ਮੀਨ ਵਿੱਚ ਇਤਨਾ ਡੂੰਗਾ ਦਬਾ ਦਿੱਤਾ ਜਾਵੇ ਕਿ ਉਨ੍ਹਾਂ ਦੀ ਆਵਾਜ਼ ਫਿਰ ਕਦੀ ਵੀ ਸੁਣਾਈ ਨਾ ਦੇਵੇ। ਪਰ ਗੁਰੂ ਨਾਨਕ ਦੇਵ ਜੀ ਨੇ ਉਸ ਤੋਂ ਉਲਟ ਸੰਗੀਤ ਨੂੰ ਇਤਨਾ ਬੁਲੰਦ ਅਤੇ ਉੱਚਾ ਦਰਜਾ ਦਿੱਤਾ ਕਿ ਬਾਬੇ ਦੀ ਬਾਣੀ ਨਾਲ ਸੰਗੀਤ ਵੀ ਪੂਜਨੀਕ ਹੋ ਨਿਬੜਿਆ। ਉਹ ਹਮੇਸ਼ਾ ਮਰਦਾਨੇ ਨੂੰ ਆਪਣੇ ਨਾਲ ਰਖਦੇ ਸਨ ਅਤੇ ਜਦੋਂ ਬਾਣੀ ਗਾਉਂਦੇ ਸਨ ਤੇ ਮਰਦਾਨੇ ਨੂੰ ਰਬਾਬ ਬਜਾਉਣ ਲਈ ਕਹਿੰਦੇ ਸਨ।

ਗੁਰੂ ਨਾਨਕ ਦੇਵ ਜੀ ਸੰਗੀਤ ਨੂੰ ਸਿੱਖ ਧਰਮ ਦਾ ਇੱਕ ਥੰਮ ਸਮਝਦੇ ਸਨ। ਉਨ੍ਹਾਂ ਨੇ ਸਿੱਖ ਧਰਮ ਦੀ ਨੀਂਹ ਰੱਖਣ ਵੇਲੇ ਦੋ ਬੁਨਿਆਦੀ ਥੰਮ ਚਿਣੇ ਸਨ। ਇੱਕ ਬਾਣੀ ਅਤੇ ਦੂਜਾ ਸੰਗੀਤ। ਜਦੋਂ ਗੁਰੂ ਜੀ ਨੂੰ ਇਲਾਹੀ ਇਲਹਾਮ ਆਉਂਦਾ ਤਾਂ ਉਹ ਮਰਦਾਨੇ ਨੂੰ ਕਹਿੰਦੇ ਮਰਦਾਨਿਆਂ ਛੇੜ ਰਬਾਬ ਬਾਣੀ ਆਈ ਹੈ। ਮਰਦਾਨਾ ਰਬਾਬ ਵਜਾਉਂਦਾ ਅਤੇ ਗੁਰੂ ਜੀ ਰਾਗ ਵਿੱਚ ਬਾਣੀ ਉਚਾਰੀ ਜਾਂਦੇ ਜੋ ਫਿਰ ਬਾਦ ਵਿੱਚ ਲਿਖ ਲਈ ਜਾਂਦੀ ਸੀ। ਮਰਦਾਨੇ ਰਾਹੀਂ ਗੁਰੂ ਨਾਨਕ ਜੀ ਆਪਣਾ ਸੰਦੇਸ਼ ਸਾਰੀ ਲੋਕਾਈ ਤੱਕ ਪਹੁੰਚਾਉਂਦੇ ਸਨ। ਮਰਦਾਨਾ ਗੁਰੂ ਨਾਨਕ ਪਾਤਸ਼ਾਹ ਜੀ ਦੀ ਸੰਗੀਤ ਪ੍ਰਯੋਗਸ਼ਾਲਾ ਸੀ।

ਭਾਈ ਮਰਦਾਨੇ ਦੇ ਅਕਾਲ ਚਲਾਣਾ ਕਰ ਜਾਣ ਤੋਂ ਬਾਅਦ ਭਾਈ ਬਲਵੰਡ ਗੁਰੂ ਜੀ ਪਾਸ ਉਨ੍ਹਾਂ ਦੇ ਕੀਰਤਨੀਏ ਬਣੇ ਅਤੇ ਬੜਾ ਰਸਭਿੰਨਾ ਕੀਰਤਨ ਕਰਦੇ ਰਹੇ। ਜਦੋਂ ਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਦੇਵ ਜੀ ਨੂੰ ਆਪਣੀ ਬਾਣੀ ਦੀ ਪੋਥੀ ਸਮੇਤ ਗੁਰੂ ਗੱਦੀ ਦਿੱਤੀ ਤਾਂ ਭਾਈ ਬਲਵੰਡ ਨੂੰ ਹਮੇਸ਼ਾ ਆਪਣੇ ਨਾਲ ਰਖਣ ਦੀ ਹਿਦਾਇਤ ਵੀ ਕੀਤੀ।

ਇਹ ਕੀਰਤਨ ਪਰੰਪਰਾ ਬਾਕੀ ਗੁਰੂਆਂ ਦੇ ਵੇਲੇ ਵੀ ਚਲਦੀ ਰਹੀ ਅਤੇ ਸੰਗੀਤ ਕਲਾ ਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਇੱਕ ਧੁਰੇ ਦਾ ਕੰਮ ਕਰਦੀ ਰਹੀ।

ਗੁਰੂ ਸਾਹਿਬਾਨ ਵੱਲੋਂ ਗੁਰਬਾਣੀ ਅਤੇ ਕੀਰਤਨ ਦੇ ਪ੍ਰਚਾਰ ਹਿੱਤ ਆਉਣ ਵਾਲੀਆਂ ਪੀੜ੍ਹੀਆਂ ਵਿੱਚ ਇਹ ਜੋਤ ਜਗਾਈ ਰੱਖਣ ਲਈ ਵੱਖ-ਵੱਖ ਥਾਵਾਂ ਤੇ ਪੰਜ ਕੀਰਤਨ ਕੇਂਦਰਾਂ ਦੀ ਸਥਾਪਨਾ ਵੀ ਕੀਤੀ ਗਈ। ਗੁਰੂ ਨਾਨਕ ਦੇਵ ਜੀ ਵੱਲੋਂ ਸਭ ਤੋਂ ਪਹਿਲਾਂ ਕਰਤਾਰ ਪੁਰ ਵਿਖੇ ਪਹਿਲਾ ਕੀਰਤਨ ਕੇਂਦਰ ਬਣਾਇਆ ਗਿਆ। ਗੁਰਬਾਣੀ ਕੀਰਤਨ ਦਾ ਦੂਜਾ ਕੇਂਦਰ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਖੰਡੂਰ ਸਾਹਿਬ ਵਿਖੇ ਸਥਾਪਿਤ ਕੀਤਾ। ਤੀਸਰਾ ਕੇਂਦਰ ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਵਿਖੇ ਸਥਾਪਿਤ ਕੀਤਾ। ਉਪਰੰਤ ਚੌਥਾ ਕੇਂਦਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਸਥਾਪਿਤ ਕੀਤਾ ਅਤੇ ਪੰਜਵਾਂ ਕੇਂਦਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਆਨੰਦਪੁਰ ਸਾਹਿਬ ਵਿਖੇ ਸਥਾਪਤ ਕੀਤਾ। ਇਸ ਤਰ੍ਹਾਂ ਇਹ ਗੁਰਮਤਿ ਸੰਗੀਤ ਦੇ ਪ੍ਰਚਾਰ ਲਈ ਪੰਜ ਮੁਖ ਕੇਂਦਰ ਮੰਨੇ ਜਾਂਦੇ ਹਨ। ਇਨਾਂ ਕੇਂਦਰਾਂ ਤੋਂ ਇਲਾਵਾ ਵੀ ਸਮੇਂ-ਸਮੇਂ ਗੁਰਮਤਿ ਅਤੇ ਗੁਰਬਾਣੀ ਸੰਗੀਤ ਦੇ ਪ੍ਰਚਾਰ ਲਈ ਕੀਰਤਨ ਕੇਂਦਰ ਅਤੇ ਟਕਸਾਲਾਂ ਦੀ ਸਥਾਪਨਾ ਕਰਕੇ ਗੁਰਬਾਣੀ ਸੰਗੀਤ ਦੇ ਪ੍ਰਚਾਰ ਹਿਤ ਸ਼ਲਾਘਾਯੋਗ ਯੋਗਦਾਨ ਪਾਇਆ ਜਾ ਰਿਹਾ ਹੈ।

ਜੇ ਬਾਣੀ ਦੀ ਅੰਦਰੂਨੀ ਬਣਤਰ ਅਤੇ ਇਸਦੇ ਕਾਵਿ ਰੂਪ ਨੂੰ ਰਾਹੁ ਨਾਲ ਵਿਚਾਰਿਆ ਜਾਵੇ ਤਾਂ ਮਹਿਸੂਸ ਹੁੰਦਾ ਹੈ ਕਿ ਬਾਣੀ ਅਤੇ ਰਾਗ ਅਨਿਖੱੜ ਹਨ। ਰਾਗ ਬਾਣੀ ਦੀ ਰਚਨਾ ਦਾ ਮੂਲ ਤੱਤ ਹੈ। ਇਹ ਤਾਂ ਜੱਗ ਜਾਹਿਰ ਹੈ ਕਿ ਬਾਣੀਕਾਰ ਸਾਧਾਰਣ ਅਨੁਭਵ ਵਾਲੇ ਵਿਅਕਤੀ ਨਹੀਂ ਸਨ। ਉਨ੍ਹਾਂ ਦੇ ਵਿਸ਼ਾਲ ਗਹਿਰੇ ਅਤੇ ਗੰਭੀਰ ਅਨੁਭਵ ਨੂੰ ਅਧਿਆਤਮਿਕ ਅਨੁਭਵ ਕਿਹਾ ਜਾਂਦਾ ਹੈ ਅਤੇ ਇਹ ਅਨੁਭਵ ਪ੍ਰਕਟ ਕਰਨਾ ਕਿਸੇ ਸਾਧਾਰਨ ਮਨੁੱਖ ਲਈ ਬਹੁਤ ਔਖਾ ਜਾਂ ਇੰਝ ਕਹਿ ਲਵੋਂ ਕਿ ਨਾਮੁਮਕਿਨ ਜਿਹਾ ਕੰਮ ਹੈ। ਇਸ ਲਈ ਇਸ ਅਨੁਭਵ ਨੂੰ ਗੂੰਗੇ ਦੀ ਮਿਠਿਆਈ ਨਾਲ ਤੁਲਨਾ ਦਿੱਤੀ ਗਈ ਹੈ।

ਗੁਰਬਾਣੀ ਵਿੱਚ ਸਾਧਾਰਣ ਭਾਸ਼ਾ ਲਈ ਅੱਖਰ 'ਸ਼ਬਦ' ਦਾ ਪ੍ਰਯੋਗ ਕੀਤਾ ਗਿਆ ਹੈ। ਜੋ ਕਿ ਇਸ ਮਾਇਆ ਦੇ ਪ੍ਰਪੰਚ ਨੂੰ ਪ੍ਰਕਟ ਕਰਦਾ ਹੈ ਇਹ ਸ਼ਬਦ ਪਰਮਾਰਥ ਦੇ ਅਨੁਭਵ ਨੂੰ ਪ੍ਰਕਟ ਕਰਨੋ ਅਸਮਰੱਥ ਹੈ। ਇਸ ਲਈ ਪਰਮਾਤਮਾ ਨਾਲ ਸੰਬੰਧਿਤ ਅਨੁਭਵ ਨੂੰ ਪ੍ਰਗਟ ਕਰਨ ਲਈ ਅਜਿਹਾ ਸਾਧਨ ਚਾਹੀਦਾ ਹੈ ਜੇਹੜਾ ਪਰਮਾਤਮਾ ਵਾਂਗ ਹੀ ਸਰਵਵਿਆਪਕ ਹੋਵੇ। ਮਨੁੱਖ ਦੀ ਪਹੁੰਚ ਵਿੱਚ ਸਭ ਤੋਂ ਨੇੜੇ ਦਾ ਸਾਧਨ ਹੈ ਨਾਦ ਅਤੇ ਸੰਗੀਤ-ਕਲਾ ਆਧਾਰਿਤ ਹੈ 'ਨਾਦ' ਉਪਰ। ਸੰਗੀਤ ਕਲਾ ਦੀ ਵਿਸ਼ਾਲਤਾ ਬਾਰੇ ਇੰਜ਼ ਕਿਹਾ ਜਾਂਦਾ ਹੈ ਕਿ ਜੇ ਅਸੀਂ ਸੰਗੀਤ ਨੂੰ ਪੂਰੀ ਤਰ੍ਹਾਂ ਸਮਝਣ ਦੀ ਕੋਸ਼ਿਸ਼ ਵੀ ਕਰੀਐ ਤਾਂ ਵੀ ਇਸ ਵਿੱਚ ਕਾਫ਼ੀ ਕੁੱਝ ਅਜਿਹਾ ਰਹਿ ਜਾਂਦਾ ਹੈ ਜਿਹੜਾ ਸਾਡੀ ਬੁੱਧੀ ਦੀ ਪਕੜ ਵਿੱਚ ਨਹੀਂ ਆਉਂਦਾ। ਪਰ ਫੇਰ ਵੀ ਰੱਬ ਨੂੰ ਮਿਲਣ ਅਤੇ ਉਸ ਤਕ ਪਹੁੰਚਣ ਦਾ ਇਕੋ ਇੱਕ ਵਸੀਲਾ ਹੋ ਸਕਦਾ ਹੈ ਉਹ ਹੈ ਗੁਰਬਾਣੀ ਕੀਰਤਨ, ਗੁਰਬਾਣੀ ਸੰਗੀਤ। ਹਾਲਾਂਕਿ ਗੁਰੂ ਜੀ ਨੇ ਕੀਰਤਨ ਨੂੰ ਪਰਮਾਤਮਾ ਨਾਲ ਮਿਲਣ ਦਾ ਸਾਧਨ ਬਣਾਇਆ ਸੀ ਪਰ ਅਜੋਕੇ ਕੀਰਤਨੀਆਂ ਨੇ ਇਸ ਨੂੰ ਮਾਇਆ ਕਮਾਉਣ ਅਤੇ ਮਾਇਆ ਵਿੱਚ ਖਚਿਤ ਹੋਣ ਦਾ ਸਾਧਨ ਬਣਾ ਲਿਆ ਹੈ। ਜੋ ਕਿ ਗੁਰੂ ਜੀ ਦੇ ਆਸ਼ੇ ਤੋਂ ਬਿਲਕੁਲ ਉਲੱਟ ਹੈ।

ਸੋ ਪਰਮਾਤਮਾ ਦੀ ਇੱਕ ਹੀ ਭਾਸ਼ਾ ਹੈ, ਉਹ ਹੈ ਸਿਰਫ਼ ਤੇ ਸਿਰਫ ਸੰਗੀਤ। ਸੰਗੀਤ ਇੱਕ ਗੈਬੀ, ਖੁਦਾਈ ਆਵਾਜ਼ ਹੈ, ਸੰਗੀਤ ਜਾਦੂ ਹੈ, ਸੰਗੀਤ, ਅਮੁੱਕ ਵਹਿਣ ਹੈ, ਸੰਗੀਤ ਆਤਮਿਕ ਗ਼ਜ਼ਾ ਹੈ, ਸੰਗੀਤ ਪਿਆਰ ਹੈ, ਸੰਗੀਤ ਮਨੁੱਖੀ ਮਨ ਦਾ ਗਹਿਣਾ ਹੈ, ਸੰਗੀਤ ਜੋੜਦਾ ਹੈ, ਸੰਗੀਤ ਦੂਰੀਆਂ ਨੂੰ ਨੇੜਤਾਂ 'ਚ ਬਦਲਦਾ ਹੈ, ਸੰਗੀਤ ਦੁਸ਼ਵਾਰੀਆਂ ਮਿਟਾਉਂਦਾ ਹੈ, ਸੰਗੀਤ ਸ਼ੀਤਲਤਾ ਦਾ ਸੋਮਾ ਹੈ। ਸੰਗੀਤ ਟੁਟੇ ਦਿਲਾਂ ਦੀ ਮਰਹਮ ਹੈ, ਸੰਗੀਤ ਪਰਵਰਦਗਾਰ ਦੀ ਬਾਰਗਾਹ ਨੂੰ ਜਾਣ ਵਾਲੀ ਪਗਡੰਡੀ ਦਾ ਅਣਥੱਕ ਹਮਸਫ਼ਰ ਹੈ। ਸੰਗੀਤ ਮਨੁੱਖੀ ਜ਼ਿੰਦਗੀ ਦਾ ਸਾਜ਼ ਹੈ, ਸੰਗੀਤ ਮਨੁੱਖੀ ਜ਼ਿੰਦਗੀ ਦਾ ਆਦਿ ਕਾਲ ਤੋਂ ਅੰਤ ਤਕ ਦਾ ਹਾਣੀ ਹੈ। ਸੰਗੀਤ ਹਿਰਦੈ ਦੀ ਪਰਵਾਜ਼ੀ ਉਡਾਰੀ ਹੈ, ਸੰਗੀਤ ਨਿਰਮਲਤਾ ਦੀ ਪਹਿਲੀ ਪੌੜੀ ਹੈ। ਸੰਗੀਤ ਇਕੱਲਤਾ ਨੂੰ ਨਿਗਲ ਜਾਂਦਾ ਹੈ, ਸੰਗੀਤ ਕੁਮਲਾਏ ਹਿਰਦਿਆਂ ਲਈ ਸੰਜੀਵਨੀ ਬੂਟੀ ਹੈ, ਸੰਗੀਤ ਪਥਰੀਲੇ ਦਿਲਾਂ ਨੂੰ ਮੋਮ ਵਿੱਚ ਤਬਦੀਲ ਕਰ ਦਿੰਦਾ ਹੈ, ਸੰਗੀਤ ਉਤੱਮ ਅਤੇ ਸੁਹਜ ਕਲਾ ਹੈ। ਸਖ਼ਤ ਤਪਸਿਆ ਤੋਂ ਬਾਦ ਹੀ ਇਹ ਦਾਤ ਝੋਲੀ ਵਿੱਚ ਪੈਂਦੀ ਹੈ, ਪਰ ਜਿਸ ਮਨੁੱਖ ਨੂੰ ਰੱਬ ਸਭ ਤੋਂ ਵਾਧੂ ਪਿਆਰ ਕਰਦਾ ਹੈ ਉਸ ਨੂੰ ਸਿਧੇ ਤੌਰ ਤੇ ਸੰਗੀਤ ਦੀ ਦਾਤ ਬੱਖਸ਼ ਦਿੰਦਾ ਹੈ।

ਅੰਤ ਵਿੱਚ ਅਸੀਂ ਇਹੀ ਕਹਿ ਸਕਦੇ ਹਾਂ ਕਿ ਗੁਰਮਤ ਕਾਵਿ ਨਾਲ ਮਿਲ ਕੇ ਸੰਗੀਤ ਕੋਈ ਸਧਾਰਣ ਸੰਗੀਤ ਨਹੀਂ ਰਹਿ ਗਿਆ ਸਗੋਂ ਇਹ ਕੀਰਤਨ ਬਣ ਗਿਆ ਹੈ। ਗੁਰਬਾਣੀ ਦਾ ਪੂਰਾ ਪ੍ਰਭਾਵ ਇਸ ਨੂੰ ਨਿਰਧਾਰਿਤ ਰਾਗਾਂ ਅਤੇ ਸੁਚੀ ਭਾਵਨਾ ਨਾਲ ਗਾ ਕੇ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ।

ਐਸਾ ਕੀਰਤਨ ਕਰਿ ਮਨ ਮੇਰੇ।
ਈਹਾਂ ਊਹਾਂ ਜੋ ਕਾਮ ਤੇਰੈ।।

ਗੁ. ਗ੍ਰ. ਸਾ. ਅੰਕ 236

ਅਤੇ

ਜੋ ਜੋ ਕਥੈ ਸੁਨੈ ਹਰਿ ਕੀਰਤਨ
ਤਾ ਕੀ ਦੁਰਮਤਿ ਨਾਸ।।
ਸਗਲ ਮਨੋਰਥ ਪਾਵੈ
ਨਾਨਕ ਪੂਰਨ ਹੋਵੈ ਆਸ।।

ਗੁ. ਗ੍ਰ. ਸ. ਅੰਕ 1300

Source Link: http://www.sikhmarg.com/2010/0418-sangeet.html

# ਰਾਗ ਬਿਲਾਵਲ

ਬਿਲਾਵਲ ਠਾਠ ਦਾ ਇਹ ਆਸ਼ਰੀਯ ਰਾਗ ਹੈ, ਇਸ ਦੀ ਜਾਤੀ ਸੰਪੂਰਨ, ਵਾਦੀ ਸੰਵਾਦੀ ਧੈਵਤ, ਗੰਧਾਰ ਅਤੇ ਗਾਉਣ ਦਾ ਸਮਾਂ ਸਵੇਰ ਦਾ ਦੂਸਰਾ ਪਹਿਰ ਹੈ। ਇਸ ਵਿੱਚ ਦੋਵੇਂ ਨਿਖਾਦ ਅਤੇ ਬਾਕੀ ਸੁਰ ਸ਼ੁੱਧ ਲੱਗਦੇ ਹਨ। ਆਮ ਤੌਰ ਤੇ ਸੰਗੀਤ ਦੀ ਵਿੱਦਿਆ ਬਿਲਾਵਲ ਜਾਂ ਕਲਿਆਨ ਰਾਗ ਨਾਲ ਸ਼ੁਰੂ ਕੀਤੀ ਜਾਂਦੀ ਹੈ ਕਿਉਂਕਿ ਇਨ੍ਹਾਂ ਦੋਹਾਂ ਰਾਗਾਂ ਵਿੱਚ ਬਹੁਤੇ ਸੁਰ ਸ਼ੁੱਧ ਹਨ। ਇਹ ਵੀ ਸਮਝਿਆ ਜਾਂਦਾ ਹੈ ਕਿ ਬਿਲਾਵਲ ਰਾਗ ਸਰਲ ਹੈ ਪਰ ਇਸ ਗੱਲ ਵਿੱਚ ਬਹੁਤੀ ਸਚਿਆਈ ਨਹੀਂ। ਬਿਲਾਵਲ ਰਾਗ ਬਹੁਤ ਦੇਰ ਤੱਕ ਸਿੱਖਣ ਤੋਂ ਬਾਅਦ ਹੀ ਪਤਾ ਲੱਗਦਾ ਹੈ ਕਿ ਇਹ ਇੱਕ ਕਠਨ ਰਾਗ ਹੈ ਜਿਸ ਦੀ ਚਾਲ ਵਕ੍ਰ ਹੈ: ਜਿਵੇਂ ਸ ਰ ਗ ਪ ਧ ਨੁ ਧ ਪ ਮ ਗ, ਰ ਗ ਪ ਮ ਗ, ਧ ਗ ਪ ਮ ਗ ਮ ਰ ਸ।

ਆਰੋਹ ਵਿੱਚ ਮੱਧਯਮ ਅਲਪ ਅਤੇ ਅਵਰੋਹ ਵਿੱਚ ਕੋਮਲ ਨਿਖਾਦ ਦਾ ਪ੍ਰਯੋਗ ਇੱਕ ਖਾਸ ਢੰਗ ਨਾਲ ਹੁੰਦਾ ਹੈ ਅਤੇ ਗੰਧਾਰ ਜ਼ਿਆਦਾਤਰ ਵਕ੍ਰ ਹੈ।

ਇੱਥੇ ਇੱਕ ਵਿਚਾਰ ਕਰਨੀ ਬਹੁਤ ਜਰੂਰੀ ਹੈ ਕਿ ਅਲੱਈਆ ਬਿਲਾਵਲ ਅਤੇ ਸ਼ੁੱਧ ਬਿਲਾਵਲ ਵਿੱਚ ਕੀ ਅੰਤਰ ਹੈ। ਕੁਝ ਵਿਦਵਾਨ ਕਹਿੰਦੇ ਹਨ ਕਿ ਸ਼ੁੱਧ ਬਿਲਾਵਲ ਦੇ ਆਰੋਹ ਵਿੱਚ ਮੱਧਯਮ ਲੱਗਦਾ ਹੈ ਅਤੇ ਕੋਮਲ ਨਿਖਾਦ ਦਾ ਪ੍ਰਯੋਗ ਨਹੀਂ ਹੁੰਦਾ। ਸ੍ਰੀ ਭਾਤਖੰਡ ਜੀ ਦੀ ਕਰਾਮਿਕ ਪੁਸਤਕ ਭਾਗ ਦੋ ਵਿੱਚ ਅਖੌਤੀ ਸ਼ੁੱਧ ਬਿਲਾਵਲ ਦੀ ਐਸੀ ਬੰਦਿਸ਼ ਲੱਭਣੀ ਸੌਖੀ ਨਹੀਂ ਜਿਸਦੇ ਆਰੋਹ ਵਿੱਚ ਮੱਧਯਮ ਛੱਡਿਆ ਨਾ ਹੋਵੇ ਅਤੇ ਕੋਮਲ ਨਿਖਾਦ ਦਾ ਪ੍ਰਯੋਗ ਨਾ ਕੀਤਾ ਹੋਵੇ। ਬਿਲਾਵਲ ਦੇ ਆਰੋਹ ਵਿੱਚ ਮੱਧਯਮ ਵਰਜਤ ਕਰਨ ਨਾਲ ਅਤੇ ਅਵਰੋਹ ਵਿੱਚ ਕੋਮਲ ਨਿਖਾਦ ਦਾ ਪ੍ਰਯੋਗ ਕਰਨ ਨਾਲ ਹੀ ਇਸ ਰਾਗ ਦਾ ਰੂਪ ਨਿੱਖਰਦਾ ਹੈ। ਤੇਜ਼ ਤਾਨਾਂ ਦੇ ਆਰੋਹ ਵਿੱਚ ਮੱਧਯਮ ਦਾ ਪ੍ਰਯੋਗ ਜਰੂਰ ਹੋ ਜਾਂਦਾ ਹੈ। ਸਾਡੇ ਵਿਚਾਰ ਵਿੱਚ ਅਲੱਈਆ ਬਿਲਾਵਲ ਜਾਂ ਸ਼ੁੱਧ ਬਿਲਾਵਲ / ਬਿਲਾਵਲ ਵਿੱਚ ਕੋਈ ਅੰਤਰ ਨਹੀਂ, ਹਾਂ, ਇਹ ਕਹਿ ਸਕਦੇ ਹਾਂ ਕਿ ਕੋਮਲ ਨਿਖਾਦ ਬਿਲਾਵਲ ਵਿੱਚ ਵਿਵਾਦੀ ਸੁਰ ਹੈ ਇਸਦਾ ਪ੍ਰਯੋਗ ਬਹੁਤ ਆਮ ਹੈ ਅਤੇ ਇਸ ਦੀ ਵਰਤੋਂ ਨਾਲ ਬਿਲਾਵਲ ਰਾਗ ਦੀ ਸੁੰਦਰਤਾ ਵਿੱਚ ਵਾਧਾ ਹੁੰਦਾ ਹੈ।

**ਚਾਲ:** ਸ, ਨ਼ ਧ਼ ਨ਼ ਸ, ਸ ਰ ਸ, ਸ ਰ ਗ - ਗ ਮ ਰ ਸ, ਸ ਰ ਗ ਪ ਮ ਗ, ਰ ਗ ਪ ਮ ਗ, ਗ ਮ ਰ ਗ ਪ - ਧ ਨੁ ਧ ਪ - ਧ ਪ ਮ ਗ, ਰ ਗ ਪ - ਧ ਗ ਪ ਮ ਗ, ਰ ਗ ਪ ਮ ਗ, ਰ ਗ ਰ ਸ, ਗ ਰ ਗ ਪ ਧ ਨੁ ਧ ਪ, ਗ ਪ ਧ ਨ ਸੰ, ਸੰ ਰੰ ਗੰ ਮੰ ਰੰ ਸੰ, ਸੰ ਨ ਧ ਨੁ ਧ ਪ, ਧ ਗ ਪ ਮ ਗ ਰ ਗ ਪ, ਪ ਮ ਗ, ਗ ਮ ਰ ਸ।

## ਅਸਥਾਈ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | ਗ | – | ਮ | ਰ | ਗ | ਪ | – | (ਸੰ)ਨ | (ਨ)ਧ | ਨ |
| | | | | | | ਮੂ | ऽ | ਲਾ | ਲ | ਨ | ਸਿਓ | ऽ | ਪ੍ਰੀ | ਤ | ਬ |
| ਸੰ | – | (ਨ)ਧ | ਨੁ | ਧ | ਪ | ਗ | ਮ | ਗ | ਰ | ਗ | ਪ | – | ਨ | ਧ | ਨ |
| ਨੀ | – | ਮੂ | ऽ | ਲਾ | ऽ | ਲ | ਨ | ਸਿਓ | ऽ | ऽ | ਪ੍ਰੀ | ऽ | ਤ | ऽ | ਬ |
| ਸੰ | ਸੰ | ਧ | ਨੁ | ਧ | ਪ | ਮ | ਗ | ਮ | ਨੁ | ਧ | ਪ | ਗ | ਪ | ਮ | – |
| ਨੀ | ऽ | ऽ | ऽ | ऽ | ऽ | ऽ | ऽ | ਤੋ | ऽ | ਰੀ | ਨ | ਤੂ | ऽ | ਟੈ | ऽ |
| ਗ | ਰ | ਗ | ਮ | (ਮ)ਰ | ਰ | ਸ | ਗ | ਮ | ਰ | ਗ | ਪ | ਪ | ਨ | ਧ | ਨ |
| ਛੋ | ऽ | ਰੀ | ਨ | ਛੂ | ਟੈ | ਐ | ਸੀ | ਮ | ऽ | ਧੋ | ऽ | ऽ | ਖਿ | ਚ | ਤ |
| ਸੰ | – | ਧ | ਨੁ | ਧ | ਪ | ਗ | ਮ | | | | | | | | |
| ਨੀ | ऽ | ਮੂ | ऽ | ਲਾ | ऽ | ਲ | ਨ | | | | | | | | |
| x | | | | 2 | | | | 0 | | | | 2 | | | |

## ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | | | | | ਪ | ਪ | ਨੁਧ | ਨ |
| | | | | | | | | | | | | ਦਿ | ਨ | ਸੁऽ | ਰੈ |
| ਸੰ | ਸੰ | ਸੰ | ਸੰ | ਸੰ | ਸੰ | ਨ | ਸੰ | ਧ | ਨੁ | ਧ | ਪ | ਗ | ਗ | ਗ | ਮ |
| ऽ | ਨ | ਮ | ਨ | ਮਾ | ऽ | ਹਿ | ਬ | ਸ | ਤ | ਹੈ | ਤੂ | ਕ | ਰ | ਕਿ | ਰ |
| ਰ | – | ਸ | – | ਗ | – | ਪ | – | – | – | – | ਪ | ਪ | ਨ | ਧ | ਨ |
| ਪਾ | ऽ | ऽ | ऽ | ऽ | ऽ | ऽ | ऽ | ऽ | ऽ | ऽ | ਪ੍ਰ | ਭ | ਅ | ऽ | ਪ |
| ਸੰ | – | ਧ | ਨੁ | ਧ | ਪ | ਗ | ਮ | | | | | | | | |
| ਨੀ | ऽ | ਮੂ | ऽ | ਲਾ | ऽ | ਲ | ਨ | | | | | | | | |
| x | | | | 2 | | | | 0 | | | | 3 | | | |

**ਨੋਟ :** ਇਹ ਬੰਦਿਸ਼ ਆਗਰਾ ਘਰਾਣੇ ਦੇ ਪ੍ਰਮੁੱਖ ਗਾਇਕ ਪ੍ਰੋਫੈਸਰ ਯਸ਼ ਪਾਲ ਜੀ ਦੀ ਦੇਣ ਹੈ।

*(ਇਸ ਸ਼ਬਦ ਦੇ ਅਰਥਾਂ ਲਈ ਵੇਖੋ ਟਾਈਟਲ 3)*

# ਸੁਰਲਿਪੀ ਵਾਲੇ ਸ਼ਬਦ ਦੇ ਅਰਥ

ਬਿਲਾਵਲੁ ਮਹਲਾ ੫ ॥

Bilaaval, Fifth Mehl:

ਮੂ ਲਾਲਨ ਸਿਉ ਪ੍ਰੀਤਿ ਬਨੀ ॥ ਰਹਾਉ ॥

I have fallen in love with my Beloved Lord. ||Pause||

ਤੋਰੀ ਨ ਤੂਟੈ ਛੋਰੀ ਨ ਛੂਟੈ ਐਸੀ ਮਾਧੋ ਖਿੰਚ ਤਨੀ ॥੧॥

Cutting it, it does not break, and releasing it, it does not let go.

Such is the string the Lord has tied me with. ||1||

ਦਿਨਸੁ ਰੈਨਿ ਮਨ ਮਾਹਿ ਬਸਤੁ ਹੈ ਤੂ ਕਰਿ ਕਿਰਪਾ ਪ੍ਰਭ ਅਪਨੀ ॥੨॥

Day and night, He dwells within my mind;

please bless me with Your Mercy, O my God. ||2||

ਬਲਿ ਬਲਿ ਜਾਉ ਸਿਆਮ ਸੁੰਦਰ ਕਉ ਅਕਥ ਕਥਾ ਜਾ ਕੀ ਬਾਤ ਸੁਨੀ ॥੩॥

I am a sacrifice, a sacrifice to my beauteous Lord;

I have heard his Unspoken Speech and Story. ||3||

ਜਨ ਨਾਨਕ ਦਾਸਨਿ ਦਾਸੁ ਕਹੀਅਤ ਹੈ ਮੋਹਿ ਕਰਹੁ ਕ੍ਰਿਪਾ ਠਾਕੁਰ ਅਪੁਨੀ ॥੪॥੨੮॥੧੧੪॥

Servant Nanak is said to be the slave of His slaves;

O my Lord and Master, please bless me with Your Mercy. ||4||28||114||

---



Postal Regd. No. CH/0045/2015-2017 RNI Regd.No. 46788/89 ISSN 0972-2335

